# ਅੰਮ੍ਰਿਤੁ ਕੀਰਤਨ

ਮਈ 2001

# AMRIT KIRTAN



## ਪ੍ਰੋ. ਚਤਰ ਸਿੰਘ
## ਵਿਸ਼ੇਸ਼ ਅੰਕ



# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 4 • ਸਾਲ ਤੇਹ੍ਵਾਂ • ਮਈ 2001



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੈਦਵਾਣ**

ਐਮ.ਏ., ਪੀ.ਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ**

**ਸ. ਉੱਤਮ ਸਿੰਘ**



**ਚੰਦੇ ਦਾ ਵੇਰਵਾ :**

• **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.

• **ਵਿਦੇਸ਼:** ਸਲਾਨਾ 30 $ ਜੀਵਨ ਮੈਂਬਰ (15 ਸਾਲ) 300 $

**ਇਸ਼ਤਿਹਾਰਾਂ ਦਾ ਵੇਰਵਾ :**

*ਪਿਛਲਾ ਕਵਰ:* 6000 ਰੁਪਏ

*ਕਵਰ ਦੇ ਅੰਦਰਲੇ ਪੰਨੇ:* 4000 ਰੁਪਏ

*ਸਾਧਾਰਨ ਪੂਰਾ ਪੰਨਾ:* 2000 ਰੁਪਏ



**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

1246/I, ਸੈਕਟਰ 22-ਬੀ, ਚੰਡੀਗੜ੍ਹ 160 022

ਫੋਨ : 0172-701396, 713915

**e-mail:** drjagirsingh@rediffmail.com



'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001



2 **ਮਿਤ੍ਰ ਅਸਾਡੜੇ ਸੇਈ**

9 **ਕਰਉ ਬੇਨੰਤੀਆ**

10 **ਸਨਮਾਨਤ ਕੀਰਤਨੀਏ – ਪ੍ਰੋ. ਚਤਰ ਸਿੰਘ ਜੀ**
ਜਗਜੀਤ ਸਿੰਘ ਦਰਦੀ

14 **ਰਾਗੀ ਪ੍ਰੋਫੈਸਰ ਚਤਰ ਸਿੰਘ – ਜੀਵਨੀ**
ਪ੍ਰੋ. ਜਬਰਜੰਗ ਸਿੰਘ

17 **ਪ੍ਰੋ. ਚਤਰ ਸਿੰਘ ਰਾਗੀ : ਕਾਕਾ ਲਾਹੌਰ ਵਾਲੇ**
ਡਾ. ਜਸਬੀਰ ਕੌਰ

21 **ਸਨਮਾਨ ਪੱਤਰ**

25 **ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ**
ਮਨਮੋਹਨ ਸਿੰਘ

29 **ਪ੍ਰੋ. ਚਤਰ ਸਿੰਘ ਜੀ ਦੀਆਂ ਗੀਤਾਂ**
ਪ੍ਰੋ. ਜਬਰਜੰਗ ਸਿੰਘ


ਕਵਰ ਚਿੱਤਰ :

**ਪ੍ਰੋ. ਚਤਰ ਸਿੰਘ ਰਾਗੀ**


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ ਜਨਵਰੀ ਦੇ ਅੰਕ ਵਿੱਚ ਇੱਕ ਗਾਇਕ ਅਤੇ ਕੀਰਤਨੀਏ ਵਿਚਾਲੇ ਅੰਤਰ ਨੂੰ ਸਪਸ਼ਟ ਕਰਨ ਲਈ ਕਮਲਜੀਤ ਕੌਰ ਨੇ ਬੜਾ ਬੋਝਿਲ ਲੇਖ ਲਿਖਿਆ ਹੈ। ਇਸ ਤਰ੍ਹਾਂ ਦੇ ਲੋੜ ਨਾਲੋਂ ਵਧ ਲਮੇਰੇ ਲੇਖ ਨਾਲ ਨਾ ਤਾਂ ਵਿਸ਼ੇ ਜਾਂ ਸਿਰਲੇਖ ਨਾਲ ਨਿਆਂ ਹੁੰਦਾ ਹੈ ਅਤੇ ਨਾ ਹੀ ਪਾਠਕਾਂ ਨਾਲ। ਇਸ ਤਰ੍ਹਾਂ ਵਿਸ਼ਾ ਵਸਤੂ ਇੱਛਿਤ ਪ੍ਰਭਾਵ ਨਹੀਂ ਦੇ ਸਕਦਾ ਜਿਸਦੀ ਆਸ ਅਜਿਹੀ ਬੌਧਿਕ ਤੇ ਗੁਣਵੰਤੀ ਪਤ੍ਰਿਕਾ ਵਿੱਚੋਂ ਕੀਤੀ ਜਾਂਦੀ ਹੈ।

ਲੇਖਿਕਾ ਨੇ ਕੀਰਤਨੀਏ ਲਈ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਲਗਾਈ ਹੈ ਜੋ ਗੁਰੂ ਨਾਨਕ ਦੇ ਘਰ ਦੇ ਪਹਿਲੇ ਕੀਰਤਨੀਏ ਭਾਈ ਮਰਦਾਨਾ ਜੀ ਦੀ ਪਰੰਪਰਾ ਤੇ ਹੀ ਸਵਾਲੀਆ ਨਿਸ਼ਾਨ ਲਗਾ ਦਿੰਦੀ ਹੈ। ਕੀਰਤਨੀਏ ਦਾ ਨਸ਼ਾ ਮੁਕਤ ਹੋਣਾ ਕੇਸ਼ੀ ਸ਼ਨਾਨ ਕਰਕੇ ਕੀਰਤਨ ਕਰਨ ਦੀ ਆਦਤ ਅਤੇ ਸਿਰ ਕੱਜ ਕੇ ਕੀਰਤਨ ਹਾਜ਼ਿਰ ਹੋਣਾ ਹੀ ਜ਼ਰੂਰੀ ਹੈ। ਅੱਜ ਗੁਰੂ ਘਰ ਦੇ ਕੀਰਤਨੀਆਂ ਨਾਲੋਂ ਸਨਾਤਨੀ ਸਟੇਜਾਂ ਦੇ ਸੰਤ ਪ੍ਰਚਾਰਕ ਗੁਰਬਾਣੀ ਨੂੰ ਜ਼ਿਆਦਾ ਹਰਮਨ ਪਿਆਰੀ ਬਣਾ ਰਹੇ ਹਨ। ਉਹਨਾਂ ਨੂੰ ਕੇਵਲ ਗਾਇਕ ਨਹੀਂ ਕਿਹਾ ਜਾ ਸਕਦਾ।

ਅੱਜ ਕਿਤਨੇ ਕੀਰਤਨੀਏ ਹਨ ਜੋ ਗੁਰਮਤਿ ਰੀਤ ਨਾਲ ਹੀ ਰਾਗਬੱਧ ਅਤੇ ਰਾਗ ਅਨੁਸ਼ਾਸਨ ਵਿੱਚ ਕੀਰਤਨ ਕਰਦੇ ਹਨ ਇਹ ਗੰਭੀਰ ਮਸਲਾ ਹੈ। ਦਰਬਾਰ ਸਾਹਿਬ ਵਿੱਚ ਨਵੇਂ ਭਰਤੀ ਜੱਥੇ ਜਿਸ ਤਰ੍ਹਾਂ ਦਾ ਕੀਰਤਨ ਕਰ ਰਹੇ ਹਨ ਉਸ ਨਾਲ ਹਰੇਕ ਗੁਰ ਕੀਰਤਨ ਸੂਝ ਵਾਲੇ ਗੁਰਸਿੱਖ ਦਾ ਚਿੰਤਨ ਹੋਣਾ ਸੁਭਾਵਿਕ ਹੈ। ਗੁਰਬਾਣੀ ਟੂਕਾਂ ਨਾਲ ਅਸੀਂ ਆਪਣੇ ਸੱਤ ਦੀ ਪ੍ਰੋੜਤਾ ਕਰਨ ਲਈ ਉਤਸੁਕ ਰਹਿੰਦੇ ਹਾਂ ਪਰ ਭਾਵ ਅਰਥ ਦੀ ਸੋਝੀ ਤੋਂ ਬਗੈਰ ਅਜਿਹੇ ਪ੍ਰਕਰਣ ਨਿਗੂਣੇ ਹੋ ਜਾਂਦੇ ਹਨ। ਲੇਖਿਕਾ ਨੇ ਬੜੀ ਸਹਿਜਤਾ ਨਾਲ ਸਹਿਜ ਅਵਸਥਾ ਦੀ ਚੋਖੀ ਸ਼ਰਤ ਲਗਾ ਕੇ ਅਜਿਹਾ ਮਸਲਾ ਸਹੇੜ ਲਿਆ ਹੈ। ਜੇਕਰ ਸਹਿਜ ਆ ਜਾਵੇ ਤਾਂ ਦੁਨੀਆਂ ਦੀ ਸਾਰੀ ਭਟਕਣ ਮੁੱਕ ਜਾਂਦੀ ਹੈ ਤੇ ਇਸ ਤਰ੍ਹਾਂ ਹੀ ਸੱਚੇ ਅਰਥਾਂ ਵਿੱਚ ਸਾਧ ਬਣਿਆ ਜਾ ਸਕਦਾ ਹੈ। ਵਿਸਤਾਰ ਵਿੱਚ ਨਾ ਜਾਂਦੇ ਹੋਏ ਲੇਖਿਕਾ ਨੂੰ ਅਨੰਦ ਸਾਹਿਬ ਦੀ ਪਉੜੀ 17-18 ਪੜ੍ਹਨ ਦੀ ਬੇਨਤੀ ਕੀਤੀ ਜਾਂਦੀ ਹੈ। ਅੱਜ ਦੇ ਕੀਰਤਨੀਏ ਜੀਵਨ ਰੁਜਗਾਰ ਤੇ ਗੁਜਾਰੇ ਲਈ ਹੀ ਇਹ ਰੋਲ ਨਿਭਾ ਰਹੇ ਹਨ ਬਹੁਤੇ ਚੁਸਤ ਲੋਕਾਂ ਨੇ ਕੀਰਤਨ ਦਰਬਾਰਾਂ ਦੇ ਖਿਲਾਰੇ ਨਾਲ ਇਸ ਨੂੰ ਧੰਦਾ ਬਣਾ ਕੇ ਇੰਟਰਨੈਸ਼ਨਲ ਸੰਗਿਆ ਵਾਲੀਆਂ ਸੰਸਥਾਵਾਂ ਉਸਾਰ ਕੇ ਦੇਸ ਵਿਦੇਸ ਵਿੱਚ ਪਰ ਫੈਲਾਉਣ ਦੀ ਪਹਿਲ ਕਰ ਲਈ ਹੈ।

ਆਪਦਾ ਸੰਪਾਦਕੀ 'ਕਰਉ ਬੇਨੰਤੀਆ' ਸਦਾ ਹੀ ਗੰਭੀਰ ਅਤੇ ਤੱਥਪੂਰਕ ਲਿਖਤ ਹੁੰਦੀ ਹੈ ਤੇ 'ਅੰਮ੍ਰਿਤ ਕੀਰਤਨ' ਦੇ ਮਿਆਰ ਨੂੰ ਕਵਚ-ਸੁਰੱਖਿਆ ਦਿੰਦੀ ਹੈ। ਫਰਵਰੀ ਅੰਕ ਵਿੱਚ ਤੁਸੀਂ ਕੀਰਤਨ ਰੀਤ ਵਿੱਚ ਆ ਰਹੇ ਪਰੀਵਰਤਨਾਂ ਬਾਰੇ ਤੱਥ ਪੂਰਤ ਗੋਸ਼ਟੀ ਆਰੰਭੀ ਹੈ। ਨਿੱਜੀ ਤੌਰ ਤੇ ਗੰਭੀਰ ਪਰ ਸੇਵਾ ਭਾਵੀ ਕੀਰਤਨੀਏ ਹੋਣ ਦੇ ਨਾਲ ਤੁਹਾਡੀ ਵਾਰਤਾ ਵਿਸ਼ੇ ਤੇ ਸਾਰਥਕ ਸੂਝ ਦੇਣ ਲਈ ਸਮਰਥ ਹੋਈ ਹੈ।

ਰਿਕਾਰਡਿੰਗ ਨਾਲ ਆਈ ਤਬਦੀਲੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਸ ਲਾਊਡ ਸਪੀਕਰਾਂ ਦੀ ਹੋਂਦ ਨਾਲ ਸ਼ੋਰ ਸ਼ਰਾਬੇ ਦੀਆਂ ਰੀਤਾਂ ਹੀ ਗੰਭੀਰ ਕੀਰਤਨ ਤੇ ਹਾਵੀ ਹੋ ਗਈਆਂ ਹਨ। ਭਗਤੀ ਭਰਿਆ ਕਰੁਣਰਸ ਜਦੋਂ ਗੁਰਮਤਿ ਰੀਤ ਨਾਲ ਸ਼ਾਸਤਰੀਆ ਸੰਗੀਤ ਨਾਲ ਸਾਂਝ ਬਣਾਉਂਦਾ ਸੀ ਤਾਂ ਆਤਮਿਕ ਚੇਤਨਾ ਜਾਗਰਿਤ ਹੁੰਦੀ ਸੀ। ਸੁਰਤਿ ਅਜਿਹੀ ਧੁਨਾਂ ਦੇ ਗੁਰੂ ਗੁਣਾਂ ਨਾਲ ਅਨੰਤ ਵਿੱਚ ਝਾਕਣ ਦੇ ਲਈ ਪ੍ਰੇਰਿਤ ਹੋ ਕੇ ਅੰਤਰਮੁਖੀ ਹੋ ਜਾਂਦੀ ਸੀ। ਅਜਿਹੇ ਮਾਹੌਲ ਵਿੱਚ ਲਾਊਡ ਸਪੀਕਰ ਦੀ ਉੱਚੀ ਆਵਾਜ਼ ਮਾਤਰ ਪ੍ਰਦੂਸ਼ਣ ਸਿੱਧ ਹੁੰਦੀ ਹੈ। ਅੱਜ ਕੱਲ੍ਹ ਦਾ ਗੰਭੀਰਤਾ ਰਹਿਤ ਮਾਹੌਲ ਹਰ ਕੀਰਤਨ ਦਰਬਾਰ ਨੂੰ ਰੰਗ ਤਮਾਸ਼ੇ ਦਾ ਮੇਲਾ ਹੀ ਬਣਾ ਦਿੰਦਾ ਹੈ। ਇਸੇ ਕਰਕੇ ਰੁਝਾਣ ਬਦਲ ਗਏ ਹਨ ਤੇ ਨਵੇਂ ਸਿਖਿਆਰਥੀਆਂ ਵਿੱਚ ਇੰਨੀ ਗੰਭੀਰਤਾ ਅਤੇ ਲਗਨ ਨਹੀਂ ਕਿ ਸੰਗੀਤ ਦੀਆਂ ਬਾਰੀਕੀਆਂ ਨਾਲ ਸਾਂਝ ਬਣਾ ਲੈਣ, ਕਿਉਂਕਿ ਸਟੇਜਾਂ ਦਾ ਆਕਰਸ਼ਣ ਵਧ ਗਿਆ ਹੈ।

ਪੰਜਾਬ ਸਿੰਧ ਬੈਂਕ ਨੇ ਗੁਰਮਤਿ ਵਿਰਾਸਤ ਦੇ ਪ੍ਰਚਾਰ ਅਤੇ ਸੰਭਾਲ ਲਈ ਕਈ ਪਹਿਲਾਂ ਕੀਤੀਆਂ ਹਨ। ਗੁਰਮਤਿ ਸੰਗੀਤ ਰੀਤ ਸਾਂਭ-ਸੁਰੱਖਿਆ ਲਈ ਉਸ ਦਾ ਉਪਰਾਲਾ ਆਪ ਦੇ ਕਥਨ ਦੇ ਆਧਾਰ ਤੇ ਜ਼ਰੂਰ ਸ਼ਲਾਘਾ ਯੋਗ ਹੀ ਹੈ। ਇੱਕ ਬੇਨਤੀ ਹੈ ਕਿ ਬੈਂਕ ਨੂੰ ਕੀਰਤਨ ਕੈਸੇਟਾਂ ਦੀ ਮਾਰਕੀਟਿੰਗ ਇਸ ਢੰਗ ਨਾਲ ਕਰਨੀ ਚਾਹੀਦੀ ਹੈ ਕਿ ਇਸ ਵਿਰਾਸਤੀ ਕੀਰਤਨ ਵੱਲ ਸ਼ੌਕ ਤੇ ਰੁਝਾਣ ਮੁੜ ਜਾਗਰਤ ਹੋਵੇ।

ਭਾਈ ਬਖ਼ਸ਼ੀਸ਼ ਸਿੰਘ ਨਾਲ ਤੁਹਾਡੀ ਸੰਗਤ ਬਾਰੇ ਜਾਣ ਕੇ ਖੁਸ਼ੀ ਹੋਈ। ਇਹ ਸਮੇਂ ਦੀ ਮੰਗ ਹੈ ਕਿ ਤੁਸੀਂ ਨਿੱਜੀ ਆਤਮਕਥਾ ਨੂੰ ਲੜੀ ਵਾਰ ਸ਼ੁਰੂ ਕਰਕੇ ਜੀਵਨ ਦੇ ਰੰਗ ਬਿਰੰਗੇ ਅਨੁਭਵਾਂ ਨੂੰ ਪਾਠਕਾਂ ਨਾਲ ਸਾਂਝੇ ਕਰੋ। ਨਿਸ਼ਚਿਤ ਰੂਪ ਵਿੱਚ ਰਾਗੀ ਪੁਰਸ਼ਾਂ ਨਾਲ ਨਿੱਜੀ ਅਨੁਭਵ ਦੇ ਤੱਥ ਮੁਖਰ ਹੋ ਕੇ ਪਰਗਟ ਹੋਣਗੇ ਅਤੇ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰਨਗੇ।

★ ਅਪ੍ਰੈਲ ਅੰਕ ਵਿੱਚ 'ਹਰਿ ਗੁਣ ਗਾਵਤ ਪਰਉਪਕਾਰ ਹਿਤ ਤਿਸ ਰਸਨਾ ਕਾ ਮੋਲ ਨਾਹੀ' ਦਾ ਸੰਪਾਦਕੀ ਗੁਰਮਤਿ ਸੰਦੇਸ਼ ਹੀ ਭਾਈ ਮਰਦਾਨਾ ਜੀ ਨੂੰ ਜੀਵਨ ਸਾਥੀ ਰਬਾਬੀ ਬਣਨ ਦੀ ਪ੍ਰੇਰਣਾ ਦੇਣ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ ਜਿਸਦਾ ਵੇਰਵਾ ਸਿੱਖਾਂ ਦੀ ਭਗਤਮਾਲ ਵਿੱਚ ਮਿਲਦਾ ਹੈ। 'ਕੀਰਤਨ ਦਾ ਕਲਾਕਾਰ' ਲਿਖਤ ਵਿੱਚ ਬਬਲੀ ਐਸ. ਸਿੰਘ ਨੇ ਅਜੋਕੀ ਗੁਰਮਤਿ ਸੁਗੰਧ ਦੀ ਜਾਣਕਾਰੀ ਬਖ਼ੂਬੀ ਦਿੱਤੀ ਹੈ- ਸਾਧੂਵਾਦ। ਇਲਮ ਅਤੇ ਅਮਲ ਦਾ ਇਹ ਆਦਰਸ਼ ਕੀਰਤਨ ਨਾਲ ਜੁੜੇ ਪ੍ਰਬੁੱਧ ਸੰਗੀਤਕਾਰਾਂ ਨਾਲ ਗੁਰਮਤਿ ਸੰਦੇਸ਼ ਬਣ ਜਾਂਦਾ ਹੈ ਕਿ ਗੁਰਬਾਣੀ ਸ਼ਬਦ ਦੇ ਭਾਵ ਨੂੰ ਆਤਮਸਾਤ ਕਰਕੇ ਦਿਲ ਦੀ ਹੂਕ ਬਣਾ ਕੇ ਗਾਇਨ ਕਰਕੇ ਹੀ ਸਿੱਧ ਕੀਤਾ ਜਾ ਸਕਦਾ ਹੈ- ਲੋਗੁ ਜਾਨੈ ਇਹੁ ਗੀਤੁ ਹੈ ਇਹ ਤਉ ਬ੍ਰਹਮ ਬੀਚਾਰ॥ (ਪੰਨਾ 335)

ਗਿਆਨੀ ਬਚਿੱਤਰ ਸਿੰਘ ਐਡਵੋਕੇਟ ਨੇ ਹਰਿਮੰਦਰ ਸਾਹਿਬ ਵਿਖੇ ਭਾਈ ਮਰਦਾਨਾ ਜੀ ਦੇ ਰਬਾਬੀ ਸੰਸਕਾਰਾਂ ਨੂੰ ਪੁਨਰਜੀਵਤ ਕਰਨ ਲਈ ਦਲੀਲ ਭਰਿਆ ਲੇਖ ਲਿਖਿਆ ਹੈ। ਭਾਈ ਮਰਦਾਨੇ ਦੇ ਅੰਤਿਮ ਸੰਸਕਾਰਾਂ ਬਾਰੇ ਗਿਆਨੀ ਜੀ ਨੇ ਤੱਥ ਪਰ ਜਾਣਕਾਰੀ ਦੇਣ ਦੀ ਬਜਾਏ ਭਾਈ ਮਰਦਾਨਾ ਨੂੰ ਦਫਨ ਕਰਨ ਦਾ ਜਨਮ ਸਾਖੀ ਵਿਰੋਧੀ ਇਤਿਹਾਸ ਲਿਖਿਆ ਹੈ। ਨਿੱਜੀ ਸੰਗ੍ਰਹਿ ਵਿੱਚ ਹਸਤਲਿਖਤ ਭਾਈ ਬਾਲੇ ਵਾਲੀ ਜਨਮ ਸਾਖੀ (ਜਨਮ ਸਾਖੀ ਪਰੰਪਰਾ ਪੰਨਾ 300, ਅੰਤਿਕਾ) ਮਰਦਾਨੇ ਆਖਿਆ- ਜੀ ਮੈਨੂੰ ਸਾੜੋਗੇ ਤਾਂ ਮੈਂ ਤੁਸਾਂ ਤੇ ਬਹੁਤ ਰਾਜੀ ਰਹਾਂਗਾ।... ਤਾਂ ਗੁਰੂ ਨਾਨਕ ਕਹਿਆ- "ਮਰਦਾਨਾ ਏਹੁ ਭਾਰ ਅਸਾਡੀ ਗਰਦਨ ਹੋਇਆ। ਅਸਾਂ ਤੈਨੂੰ ਅਵਸਿ ਸਾੜਨਾ ਦਬਨਾ ਨਾਹੀ।..." ਤਾਂ ਬਾਲੇ ਨੇ ਕਿਹਾ- "ਜੀ ਹੁਣਿ ਕਰੀਏ ਆਹਰ ਤਾਂ ਉਸੇ ਖੁਰਮੇ ਦੀਆਂ ਲਕੜੀਆਂ ਲੀਤੀਆਂ ਅਤੇ ਹਿਕੁ ਚਾਦਰ ਗੁਰੂ ਨਾਨਕ ਆਪਣੀ ਦਿੱਤੀ ਹਿਕਿ ਬਾਲੇ ਦੀ ਲੀਤੀ ਅਤੇ ਹਿਕਿ ਮਰਦਾਨੇ ਦੀ ਆਈ। ਤ੍ਰਿਹਾਂ ਚਾਦਰਾਂ ਦਾ ਪਛਣੁ ਕੀਤਾ ਮਰਦਾਨਾ ਉੱਥੇ ਸਾੜਿਆ।

ਇਸ ਰਬਾਬੀ ਪਰੰਪਰਾ ਦਾ ਵਿਰੋਧ ਕਰਨ ਵਾਲੇ ਉਹ ਲੋਕ ਹਨ ਜਿਨ੍ਹਾਂ ਨੂੰ ਸੰਗੀਤ ਅਤੇ ਰਵਾਇਤ ਦੀ ਰੱਤੀ ਵੀ ਪਰਵਾਹ ਨਹੀਂ। ਅੱਜ ਹਰਿਮੰਦਰ ਸਾਹਿਬ ਵਿੱਚ ਨਿਯੁਕਤ ਸਾਰੇ ਰਾਗੀ ਜਥੇ ਮਾਤਰ ਪੇਟੀ ਮਾਸਟਰ (ਹਾਰਮੋਨੀਅਮ ਵਜਾਣ ਵਾਲੇ) ਹੀ ਹਨ। ਤੰਤੀ ਸਾਜ ਦਾ ਨਾਮ ਵੀ ਨਹੀਂ ਰਿਹਾ ਜਦਕਿ ਸਥਾਪਿਤ ਪਰੰਪਰਾ ਦੇ ਵਰਤਮਾਨ ਰੂਪ ਵਿੱਚ ਤਾਰ ਵਾਲੇ ਇੱਕ ਸਾਜ ਤੰਤੀ ਦਾ ਹੋਣਾ ਨਿਯਮ ਬੱਧ ਹੈ। ਰਾਗੀ ਜੱਥੇ ਕੀਰਤਨ ਦੀ ਗੁਰਮਤਿ ਰੀਤ ਤੋਂ ਹੀ ਅਨਜਾਣ ਹਨ ਫੇਰ ਉਨ੍ਹਾਂ ਕੋਲੋਂ ਰਾਗਬੱਧ ਕੀਰਤਨ ਦੀ ਉਮੀਦ ਵੀ ਨਹੀਂ ਰਹਿੰਦੀ। ਨਿਰਧਾਰਿਤ ਰਾਗਾਂ ਦੀ ਗੱਲ ਤਾਂ ਦੂਰ ਹੈ ਹੁਣ ਤਾਂ ਕਈ ਜਥੇ ਸੁਗਮ ਸੰਗੀਤ ਦੇ ਹੋ ਹੱਲੇ ਨੂੰ ਕੀਰਤਨ ਦਾ ਨਾਮ ਦੇਣ ਵਿੱਚ ਫਖ਼ਰ ਮਹਿਸੂਸ ਕਰਦੇ ਹਨ। ਧ੍ਰਪਦ ਧਮਾਰ ਦੀ ਪਹਿਚਾਨ ਤਾਂ ਹਰਿਮੰਦਰ ਸਾਹਿਬ ਦੇ ਟੀ ਵੀ ਪ੍ਰਸਾਰਨ ਵਿੱਚੋਂ ਕਿੱਥੋਂ ਲੱਭੇਗੀ?

ਭਾਈ ਸੁੱਚਾ ਸਿੰਘ ਜਵੱਦੀ ਕਲਾਂ ਵਾਲੇ ਦੇ ਪ੍ਰਯਾਸ ਅਤੇ ਡਾਕਟਰ ਜਾਗੀਰ ਸਿੰਘ ਤੇ ਪ੍ਰੋਫੈਸਰ ਗੁਰਨਾਮ ਸਿੰਘ ਵਰਗੇ ਲਬਧ- ਪ੍ਰਤਿਸ਼ਠਿਤ ਗੁਰਮਤਿ ਰੀਤ ਦੇ ਕੀਰਤਨੀਏ ਦੇ ਅਜੋਕੇ ਸਹਿਯੋਗ ਪਰੰਪਰਾ ਤੇ ਵਿਰਾਸਤ ਦੀ ਰਾਖੀ ਲਈ ਸਹਾਈ ਜ਼ਰੂਰ ਹਨ। ਭਾਈ ਲਾਲ ਜੀ ਵਰਗੇ ਪਰੰਪਰਾਗਤ ਰਬਾਬੀਆਂ ਨੂੰ ਕੇਸਾਂ ਦੀ ਸੰਭਾਲ ਦੀ ਨੇਕ ਸਲਾਹ ਦੇਕੇ ਦਸਤਾਰ ਸਹਿਤ ਹਰਿਮੰਦਰ ਵਿੱਚ ਕੀਰਤਨ ਲਈ ਨਿਯੁਕਤ ਕਰਕੇ ਗੁਰਮਤਿ ਸੰਗੀਤ ਰੀਤ ਦੀ ਪ੍ਰਫੁਲਤਾ ਸਹਿਜ ਹੀ ਵਿਕਸਿਤ ਹੋਵੇਗੀ। ਕੀਰਤਨ ਨੂੰ ਸਾਧਨਾ ਦੀ ਬਜਾਏ ਕੇਵਲ ਧੰਦਾ ਸਮਝਣ ਵਾਲਿਆਂ ਵਿੱਚ ਪ੍ਰਤਿਯੋਗਿਅਤਾ ਦੀ ਭਾਵਨਾ ਉਸਰੇਗੀ ਅਤੇ ਤੰਤੀ ਸਾਜਾਂ ਦੇ ਪ੍ਰਚਾਰ ਨੂੰ ਨਵੀਂ ਨੁਹਾਰ ਮਿਲੇਗੀ।

ਅਜਿਹੇ ਸੁਝਾਵਾਂ ਨੂੰ ਮੂਰਤਰੂਪ ਦੇਣ ਲਈ ਗਿਆਨੀ ਜੀ ਨੇ ਤਖ਼ਤਾਂ ਦੇ ਜਥੇਦਾਰਾਂ ਪਾਸੋਂ ਜਿਸ ਚੇਤਨਾ ਦੀ ਆਸ ਕੀਤੀ ਹੈ ਉਹ ਵਰਤਮਾਨ ਸਿਆਸਤ ਦੇ ਧੰਦੇ ਵਿੱਚੋਂ ਸੰਭਵ ਨਹੀਂ। ਪਿਛਲੇ ਦੋ ਸਾਲ ਦੀ ਉਟਕ ਪਟਕ ਨੇ ਸਿਆਸਤੀ ਕਦ ਕਾਠ ਅੱਗੇ ਸਭ ਨੂੰ ਬੌਨਾ ਸਿੱਧ ਕਰ ਹੀ ਦਿੱਤਾ ਹੈ। ਦੂਜੇ ਰਾਗੀ ਜੱਥੇ ਉਪਰੋਕਤ ਚਰਚਿਤ ਵਿਸ਼ੇ ਨਾਲ ਸਹਿਯੋਗ ਕਰਕੇ ਆਪਣੇ ਪੈਰਾਂ ਤੇ ਕੁਹਾੜਾ ਮਾਰਨ ਦੀ ਤ੍ਰਾਸਦੀ ਤੋਂ ਪਰਿਚਿਤ ਹਨ ਅਤੇ ਭੂਤਪੂਰਵ

ਹਜ਼ੂਰੀ ਰਾਗੀ ਦਾ ਲੇਬਲ ਧੰਦਾ ਚਮਕਾਣ ਵਿੱਚ ਜ਼ਿਆਦਾ ਸਹਾਇਕ ਹੈ। ਇਸ ਵਿੱਚ ਵੀ ਕੋਈ ਸ਼ਕ ਨਹੀਂ ਕਿ ਕੀਰਤਨੀ ਜੱਥਿਆਂ ਨੂੰ ਸਨਮਾਨ ਪੂਰਵਕ ਜੀਵਨ ਲਈ ਆਰਥਿਕ ਵਿਕਾਸ ਦੀ ਪਹਿਲ ਵੀ ਦੇਣ ਦੀ ਕੋਸ਼ਿਸ਼ ਪੰਥ ਪ੍ਰਬੰਧਕਾਂ ਨੇ ਨਹੀਂ ਕੀਤੀ। ਕਾਹਬੇ ਵਿੱਚ ਕੁਫਰ ਦੇ ਪ੍ਰਸੰਗ ਅਜਿਹੀ ਆਰਥਕ ਬਦ ਹਾਲੀ ਨਾਲ ਹੀ ਉਗਮਦੇ ਹਨ।

ਪ੍ਰੋ. ਰਾਜਿੰਦਰ ਕੌਰ ਨੇ ਆਪਣੇ ਪਿਤਾ ਭਾਈ ਬਖਸ਼ੀਸ਼ ਸਿੰਘ ਬਾਰੇ ਇੱਕ ਪੱਖੀ ਪਰ ਸਟੀਕ ਜਾਣਕਾਰੀ ਦਿੱਤੀ ਹੈ। ਖਾੜਕੂਆਂ ਦੇ ਖਾਜਾ ਬਣੇ ਇਸ ਕੀਰਤਨੀਏ ਦੇ ਅੰਤ ਦੀ ਤ੍ਰਾਸਦੀ ਬਾਰੇ ਦੋ ਸ਼ਬਦਾਂ ਦਾ ਸੰਕੋਚ ਲੇਖ ਨੂੰ ਅਧੂਰਾ ਬਣਾ ਦਿੰਦਾ ਹੈ। ਭਾਈ ਸਾਹਿਬ ਦੀਆਂ ਕੈਸੇਟਾਂ ਅਤੇ ਆਲ ਇੰਡੀਆ ਰੇਡਿਓ ਵਿੱਚ ਪਈਆਂ ਟੇਪਾਂ ਦੀ ਮਦਦ ਨਾਲ ਇਸ ਕੀਰਤਨੀਏ ਦੀ ਗਾਇਕੀ ਦੀ ਸੰਭਾਲ ਜ਼ਰੂਰੀ ਹੈ। ਨਿੱਜੀ ਤੌਰ ਤੇ ਇੱਕ ਵਾਰੀ ਚੰਡੀਗੜ੍ਹ ਦੇ ਸੈਕਟਰ 15 ਦੇ ਗੁਰਦੁਆਰੇ ਵਿੱਚ ਬੜੇ ਸ਼ੌਕ ਨਾਲ ਉਨ੍ਹਾਂ ਦਾ ਕੀਰਤਨ ਸੁਣਨ ਗਿਆ ਸੀ ਪਰ ਸਮੇਂ ਸੀਮਾ ਨਾਲ ਜੁੜੇ ਰਿਕਾਰਡੀ ਸ਼ਬਦ ਸੁਣ ਕੇ ਘੋਰ ਨਿਰਾਸ਼ਾ ਹੀ ਹੋਈ। ਅਜਿਹੀ ਨਿਰਾਸ਼ਾ ਕਈ ਸਾਲ ਬਾਦ ਭਾਈ ਹਰਜਿੰਦਰ ਸਿੰਘ ਦੇ ਰਿਕਾਰਡੀ ਕੀਰਤਨ ਨੂੰ ਸੈਕਟਰ 34 ਦੇ ਗੁਰਦੁਆਰੇ ਵਿੱਚ ਸੁਣ ਕੇ ਵੀ ਹੋਈ ਸੀ।

– ***ਕਰਤਾਰ ਸਿੰਘ ਨੀਲਧਾਰੀ,*** 162-ਏ, ਗਰੇਨ ਮਾਰਕੀਟ, ਚੰਡੀਗੜ੍ਹ

★ ਦਾਸ ਦੇ ਗ੍ਰਿਹਿ ਵਿਖੇ 'ਆਤਮ ਸਾਇੰਸ' ਰਸਾਲਾ (ਮੋਖ ਰਹਿਤ) ਆਉਂਦਾ ਹੈ ਜਿਸ ਵਿੱਚ ਕੁਝ ਕੁ ਸੁਚੱਜੀਆਂ ਐਡਜ਼ ਵੀ ਹੁੰਦੀਆਂ ਹਨ। "ਗੁਰਬਾਣੀ ਇਸੁ ਜਗ ਮਹਿ ਚਾਨਣੁ" ਮਾਸਿਕ ਰਸਾਲਾ (ਮੋਖ ਰਹਿਤ) ਵੀ ਆਉਂਦਾ ਹੈ ਉਸ ਵਿੱਚ ਕੋਈ ਵੀ ਐਡ ਨਹੀਂ ਹੁੰਦੀ। ਇਸ ਰਸਾਲੇ ਲਈ ਥੋੜਾ ਚਿਰ ਪਹਿਲੋਂ ਇੱਕ ਪ੍ਰੈਸ ਲਗਵਾਇਆ ਹੈ ਤੇ ਹੁਣ ਕਾਫੀ ਮਹਿੰਗਾ ਪਲਾਟ ਖਰੀਦਣ ਉਪਰੰਤ ਬਿਲਡਿੰਗ ਦੀ ਉਸਾਰੀ ਦੀ ਤਿਆਰੀ ਕਰ ਰਹੇ ਹਨ। ਇਹ ਰਸਾਲਾ ਮੋਖ ਰਹਿਤ ਤੇ ਐਡ ਰਹਿਤ ਹੋਣ ਦੇ ਬਾਵਜੂਦ ਇਤਨਾ ਪਰਫੁਲਤ ਹੋ ਰਿਹਾ ਹੈ (10,000 ਤੋਂ ਵੱਧ ਕਾਪੀਆਂ ਹਥੋ ਹਥੀਂ ਘਰਾਂ ਵਿੱਚ ਪਹੁੰਚਾਈਆਂ ਜਾਂਦੀਆਂ ਹਨ) ਕਿ ਇਸ ਵਿੱਚ ਇੱਕ ਅਲਾਹੀ ਚਮਤਕਾਰ ਹੀ ਜਾਪਦਾ ਹੈ। ਦਾਸ ਨੂੰ ਤਾਂ ਉਹਨਾਂ ਸੁਚੱਜੇ ਸਿੰਘਾਂ ਦਾ ਗੁਰ ਵਿਸ਼ਵਾਸ ਤੇ ਨਿਸ਼ਕਾਮ ਸੇਵਾ/ਪ੍ਰਚਾਰ ਭਾਵਨਾ ਪ੍ਰਤੀ ਗੁਰ ਕਿਰਪਾ/ਗੁਰ ਦ੍ਰਿਸ਼ਟੀ ਹੀ ਨਜ਼ਰ ਆਉਂਦੀ ਹੈ। ਮੇਰੀ ਅਰਦਾਸ ਹੈ ਕਿ ਇਹਨਾਂ ਸਿੰਘਾਂ ਦਾ ਵਿਸ਼ਵਾਸ ਚੜ੍ਹਦੀ ਕਲਾ ਵਿੱਚ ਬਣਿਆ ਰਵੇ ਤੇ ਰਸਾਲਾ ਦਿਨ ਦੁਗਨੀ ਤੇ ਰਾਤ ਚੌਗੁਨੀ ਤਰੱਕੀ ਕਰਦਾ ਚਲਿਆ ਜਾਵੇ।

'ਅੰਮ੍ਰਿਤ ਕੀਰਤਨ' ਦੇ ਮਾਰਚ 2001 ਅਡੀਸ਼ਨ ਵਿੱਚ 'ਕੀ ਅੰਮ੍ਰਿਤ ਕੀਰਤਨ ਬੰਦ ਕਰ ਦਈਏ?' ਨੂੰ ਪੜ੍ਹ ਕੇ ਮੇਰੇ ਦਿਲ ਤੇ ਜੋ ਗੁਰ ਸ਼ਬਦ ਕੀਰਤਨ ਪ੍ਰਚਾਰ ਦਾ ਪ੍ਰਭਾਵ ਪਿਆ ਹੋਇਆ ਸੀ ਢਿੱਲਾ ਪੈਣਾਂ ਸ਼ੁਰੂ ਹੋ ਗਿਆ ਹੈ। ਦਿਲ ਵਿੱਚ ਕਈ ਤਰ੍ਹਾਂ ਦੇ ਪ੍ਰਸ਼ਨ ਉੱਤਰ ਉਤਪਨ ਹੁੰਦੇ ਹਨ ਕਿ ਕੀ ਚਪਲਾਂ ਦੀ ਐਡ ਬੰਦ ਕਰਨ ਨਾਲ ਗੁਰੂ ਮਹਾਰਾਜ ਦੀ ਐਨੀ ਕਰੋਪੀ ਛਾ ਜਾਵੇਗੀ ਕਿ ਰਸਾਲਾ ਬੰਦ ਕਰਨਾ ਪਵੇਗਾ? ਕੀ ਮੁਰਗ ਮਸੱਲਮ ਪ੍ਰਤੀ ਛਪਾਈ ਹਟਾਉਣ ਨਾਲ ਸਿੱਖਾਂ ਵਿੱਚ ਇਸ ਰਸਾਲੇ ਵਿੱਚ ਦਿੱਤੀ ਸਮੱਗਰੀ ਦਾ ਸੁਵਾਦ ਐਨਾ ਫਿੱਕਾ ਪੈ ਜਾਵੇਗਾ ਕਿ ਉਹ ਇਸਨੂੰ ਪੜ੍ਹਨੋਂ ਇਨਕਾਰੀ ਹੋ ਜਾਣਗੇ? ਕੀ ਚਪਲਾਂ ਦੀ ਐਡ ਵਾਲਾ ਪਿਛਲਾ ਸਫਾ ਅੰਦਰ ਦਿੱਤੇ ਪਵਿੱਤਰ ਗੁਰ ਸ਼ਬਦ ਨੂੰ ਅਪਣੇ ਵਿੱਚ ਵਲ੍ਹੇਟਨ ਨਾਲ ਗੁਰਬਾਣੀ ਦੀ ਇੱਜ਼ਤ ਵਿੱਚ ਵਾਧਾ ਯਾ ਘਾਟਾ ਕਰੇਗਾ?

ਧਰਮ ਪ੍ਰਚਾਰ ਕਰਨਾ ਤਾਂ ਪੂਰਨ ਗੁਰੂ ਵਿਸ਼ਵਾਸ ਤੇ ਹੀ ਨਿਰਭਰ ਹੈ ਜੇ ਇਹੀ ਡਗਮਗਾ ਜਾਵੇ ਤਾਂ ਉਹ ਪ੍ਰਚਾਰ ਨਹੀਂ ਉਹ ਵਿਉਪਾਰ ਹੋ ਜਾਂਦਾ ਹੈ ਜੋ ਕਿ ਅਜਕਲ ਦਾ ਵਿਉਹਾਰ ਬਣ ਚੁੱਕਿਆ ਹੈ। ਵਿਉਪਾਰ ਨੂੰ ਧਰਮ ਪ੍ਰਚਾਰ ਜਤਾਉਣਾ ਵੀ ਇੱਕ ਸਿੱਖੀ ਅਸੂਲ ਦੀ ਉਲੰਘਣਾ ਹੀ ਹੋਵੇਗੀ।

– ***ਸੋਹਣ ਸਿੰਘ,*** 3027/27-ਡੀ, ਚੰਡੀਗੜ੍ਹ 160 019

★ ਮਾਰਚ 2001 ਦਾ 'ਅੰਮ੍ਰਿਤ ਕੀਰਤਨ' ਨਵੇਂ ਰੂਪ 'ਚ ਵੇਖ ਕਿ ਮੰਨ ਬੜਾ ਪ੍ਰਸੰਨ ਹੋਇਆ, ਭਲੋ ਭਲੋ ਰੇ ਕੀਰਤਨੀਆ ਦੇ ਸਲੋਗਨ ਨਾਲ ਜਿੱਥੇ ਕੁਝ ਸੰਗੀਤਕ ਸਾਜ਼ ਪ੍ਰਕਾਸਤ ਕੀਤੇ ਹਨ ਉੱਥੇ ਕੀ ਚੰਗਾ ਹੁੰਦਾ ਜੇ ਕਿਸੇ ਪੁਰਾਣੇ ਸ਼੍ਰੋਮਣੀ ਕੀਰਤਨੀਏ ਦਾ ਕੀਰਤਨ ਕਰਦੇ ਹੋਇਆ ਦਾ ਫੋਟੋ ਵੀ ਛਾਪ ਦਿੰਦੇ।

'ਕਰਉ ਬੇਨੰਤੀਆ' 'ਚ 'ਕੀ ਅੰਮ੍ਰਿਤ ਕੀਰਤਨ ਬੰਦ ਕਰ ਦੇਈਏ?' ਐਡੀਟੋਰੀਅਲ ਪੜ੍ਹ ਕੇ ਬੜਾ ਦੁਖ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੇ ਸਮਾਜ 'ਚ ਪੰਜਾਬੀ ਪੱਤਰਕਾਰੀ ਦਾ ਦੁਖਾਂਤ ਹੈ ਕਿ ਸਾਡੇ ਸਾਰੇ ਮਿੱਤਰ ਪਿਆਰੇ ਮੁਫਤੋ ਮੁਫਤੀ ਹੀ ਅਖਬਾਰਾਂ, ਰਸਾਲੇ ਪ੍ਰਾਪਤ ਕਰਨਾ ਚਾਹੁੰਦੇ ਹਨ। ਜਦ ਕਿ ਹੋਰਨਾਂ ਵਾਧੂ ਦੇ ਕੰਮਾਂ ਲਈ ਮਾਇਆ ਰੋੜ੍ਹਨ ਲਈ ਸਿੱਖ ਸਮਾਜ ਦਲੇਰ ਹੈ। ਮੈਨੂੰ ਪਤਾ ਹੈ ਕਿ ਮੈ ਪਿਛਲੇ 31 ਸਾਲਾਂ ਤੋਂ 'ਵਿਸ਼ਵ ਏਕਤਾ'

ਸਪਤਾਹਿਕ ਕਿਵੇਂ ਪ੍ਰਕਾਸ਼ਤ ਕਰ ਰਿਹਾ ਹਾਂ। ਜੇ ਸਾਡੇ ਸਿੱਖ ਸਮਾਜ ਦੇ ਕੁਝ ਜ਼ੁੰਮੇਵਾਰ ਇਹ ਜ਼ੁੰਮੇਵਾਰੀ ਲੈ ਲੈਣ ਤੇ ਘੱਟੋ ਘੱਟ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਆਪਣੇ ਬਜਟ ਵਿੱਚ ਪੰਜਾਬੀ ਪਤਰਕਾਰਾਂ ਦੇ ਸਨਮਾਨਾਂ ਲਈ ਕੋਈ ਫੰਡ ਸੁਰਖਸ਼ਤ ਕਰੇ, ਰੈਗੂਲਰ ਛਪਣ ਵਾਲੇ, ਹਫਤਾਵਾਰੀ, ਮਾਸਕ ਜਾਂ ਹੋਰ ਮੈਗਜ਼ੀਨ ਹਨ ਜਿਵੇਂ ਨਿਰੋਲ ਧਾਰਮਕ ਤੇ ਗੁਰਮਤਿ ਸੰਗੀਤ ਦਾ ਪ੍ਰਚਾਰ, ਪ੍ਰਸਾਰ ਕਰਨ ਵਾਲੇ 'ਅੰਮ੍ਰਿਤ ਕੀਰਤਨ' ਨੂੰ ਇਹ ਕਮੇਟੀਆਂ ਮਾਇਕੀ ਮਦਦ ਕਰਨ ਤਾਂ ਵੀ ਕਾਫੀ ਵੱਡਾ ਹੌਂਸਲਾ ਤੇ ਮਦਦ ਹੋ ਜਾਂਦੀ ਹੈ। ਪਰ ਬਦ ਕਿਸਮਤੀ ਇਹ ਹੈ ਕਿ ਅਸੀਂ ਇੱਕ ਦੂਜੇ ਵਿਰੁੱਧ ਇਹ ਗੁਰੂ ਘਰ ਦਾ ਪੈਸਾ ਵਰਤਣ ਵਿੱਚ ਸੰਕੋਚ ਨਹੀਂ ਕਰਦੇ ਪਰ ਜਿੱਥੇ ਪੈਸਾ ਸਹੀ ਢੰਗ ਨਾਲ ਖਰਚਣਾ ਚਾਹੀਦਾ ਹੈ ਉੱਥੇ ਅਸੀਂ ਖਰਚਦੇ ਨਹੀਂ।

ਮੈਂ ਇਸ ਪੱਤਰ ਰਾਹੀਂ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਬਜਟਾਂ 'ਚ ਇੱਕ ਐਸੀ ਮੱਦ ਲਿਆਉਣ ਜਿਸ ਰਾਹੀਂ ਪੰਜਾਬੀ ਦੇ ਉਨ੍ਹਾਂ ਸਾਰੇ ਪੱਤਰਾਂ ਨੂੰ ਮਾਇਕੀ ਮਦਦ ਦਿੱਤੀ ਜਾਵੇ ਜੋ ਨਿਰੋਲ ਸਿੱਖੀ ਤੇ ਗੁਰਮਤਿ ਸਾਹਿਤ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰ ਰਹੇ ਹਨ।

– ***ਅਜਬ ਸਿੰਘ ਦਲੇਰ,*** ਡੀ-69, ਗਲੀ ਨੰ: 26, ਮੋਲਰ ਬੰਦ ਐਕਸਟੈਨਸ਼ਨ, ਬਦਰ ਪੁਰ, ਨਵੀਂ ਦਿੱਲੀ 110 044

★ ਮੈਨੂੰ ਖੁਸ਼ੀ ਹੈ ਕਿ ਬੁਧੀਮਾਨ ਰੀਵੀਉਕਾਰ ਨੇ ਭੂਮਿਕਾ ਸਮੇਤ ਸਾਰੀ ਪੁਸਤਕ 'ਟੈਗੋਰ-ਤ੍ਰਿਬੈਣੀ' ਗਹੁ ਨਾਲ ਪੜ੍ਹਨ ਦੀ ਖੇਚਲ ਕੀਤੀ ਹੈ ਤੇ ਤਾਂ ਹੀ ਆਪਣੀ ਸੰਤੁਲਿਤ ਰਾਇ ਬਣਾਕੇ ਇੱਥੇ ਪੇਸ਼ ਕਰਨ ਦੀ ਕਿਰਪਾ ਕੀਤੀ ਹੈ, ਮੇਰਾ ਧੰਨਵਾਦ ਡਾਕਟਰ ਬੇਦਵਾਨ ਪਾਸ ਪਹੁੰਚਾਉਣਾ।

ਦਰਅਸਲ ਮਹਾਂਕਵੀ ਰਵਿੰਦਰ ਨਾਥ ਵੀਹਵੀਂ ਸਦੀ ਦਾ ਪ੍ਰਮੁੱਖ ਮਹਾਨ ਕਵੀ ਹੈ ਜਿਸਨੂੰ ਕੌਮਾਂਤਰੀ ਵਿਦਵਾਨ ਮੰਡਲੀ ਨੇ 'ਨੋਬਲ ਪੁਰਸਕਾਰ' ਨਾਲ ਸਨਮਾਨਿਤ ਕੀਤਾ। ਉਹ ਰੂਹਾਨੀਅਤ ਤੇ ਮਾਨਵਸ਼ਾਂਤੀ ਦਾ ਵੱਡਾ ਵਕੀਲ ਸੀ ਜਿਸਨੇ ਇਹਨਾਂ ਆਦਰਸ਼ਾਂ ਦਾ ਆਪਣੇ ਗੀਤਾਂ ਰਾਹੀਂ ਦੂਰ ਦੂਰ ਪ੍ਰਚਾਰ ਪ੍ਰਸਾਰ ਕੀਤਾ।

ਮੈਨੂੰ ਅਫਸੋਸ ਹੈ ਕਿ ਅੱਜ ਦਾ ਹਿੰਦੁਸਤਾਨ ਸ਼ਾਇਦ ਉਸਨੂੰ ਇੱਕ ਤਰ੍ਹਾਂ ਵਿਸਾਰ ਹੀ ਬੈਠਾ ਹੈ। ਉਸਦੀ ਕਵਿਤਾ, ਉਸ ਦੀ ਗਿਆਨਵਾਨ ਗੱਦ ਸਾਡੀਆਂ ਤਮਾਮ ਯੂਨੀਵਰਸਿਟੀਆਂ ਦੀ ਪੜ੍ਹਾਈ ਦੇ ਕੋਰਸ ਵਿੱਚ ਹੋਣੀ ਚਾਹੀਦੀ ਸੀ। ਪਰ ਅਸੀਂ ਅਕ੍ਰਿਤਘਣ ਇਸ ਸੁਨਹਿਰੀ ਕਰਤੱਬ ਦੀ ਵੀ ਪਾਲਣਾ ਨਹੀਂ ਕਰ ਸਕੇ।

ਉਸਦੀ ਹਯਾਤੀ ਸਮੇਂ ਵੀ ਕੁਝ ਅਖੌਤੀ ਪ੍ਰਗਤੀਵਾਦੀ ਉਸਤੇ ਇਸ ਲਈ ਔਖੇ ਸਨ ਕਿ ਉਸਨੂੰ ਖਾਨਦਾਨੀ ਤੌਰ ਤੇ ਬਹੁਤ ਜਾਇਦਾਦ ਜ਼ਮੀਨ ਵਿਰਸੇ ਮਿਲੀ ਸੀ। ਲੋਕ ਉਸਨੂੰ 'ਜਾਗੀਰਦਾਰ' ਸਮਝ ਕੇ ਉਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਸਨ ਜਿਨ੍ਹਾਂ ਵਿੱਚ ਉਸ ਦੀ ਸਾਹਿਤਕ ਵਡਿਆਈ ਗਾਇਬ ਸੀ। ਉਸਦੀ ਮਾਨਵਵਾਦੀ ਦ੍ਰਿਸ਼ਟੀ ਬਾਰੇ ਵੀ ਉਹ ਲੋਕ ਉਸਦੇ ਦੈਵੀ ਗੁਣਾਂ ਨੂੰ ਨਹੀਂ ਸੀ ਸਮਝ ਸਕੇ।

ਪਰ ਉਸ ਮਹਾਂਪੁਰਸ਼ ਨੇ ਸਾਰੀ ਜਾਇਦਾਦ ਤੇ ਕਲਕੱਤੇ ਸ਼ਹਿਰ ਵਾਲਾ ਵੱਡਾ ਮਕਾਨ ਵੀ ਇੱਕ ਦਮ ਸ਼ਾਂਤੀ ਨਿਕੇਤਨ ਦੇ ਨਾਮ ਲਾਕੇ ਇਨ੍ਹਾਂ ਲੋਕਾਂ ਨੂੰ ਹੈਰਾਨੀ ਵਿੱਚ ਪਾ ਦਿੱਤਾ।

ਸਪਸ਼ਟ ਹੈ ਕਿ ਵਾਦੀ ਸੋਚ, ਉਸਦੀ ਅੰਤਰ ਆਤਮਾ ਤਕ ਨਹੀਂ ਸੀ ਪਹੁੰਚ ਸਕੀ।

ਉਸਦਾ ਰੂਹਾਨੀ ਨੇਮ ਤੇ ਮਧੁਰ ਸੰਗੀਤ ਜ਼ਿੰਦਗੀ ਦੇ ਸਦਾ ਅੰਗ ਸੰਗ ਰਿਹਾ। ਲੋੜ ਹੈ ਕਿ ਅਸੀਂ ਪੰਜਾਬੀ, ਉਸ ਮਹਾਨ ਕਵੀ ਦੀ ਵਿਰਾਸਤ ਨੂੰ ਅਪਣਾਕੇ ਆਪਣੇ ਆਪ ਨੂੰ ਅਮੀਰ ਬਣਾਈਏ। ਇਹ 'ਟੈਗੋਰ ਤ੍ਰਿਬੈਣੀ' ਉਸਦੀਆਂ ਤਿੰਨ ਕਿਤਾਬਾਂ ਦਾ ਗੁਲਦਸਤਾ -ਜ਼ਰੂਰ ਸਾਨੂੰ ਨਵੀਂ ਟਹਿਕ-ਮਹਿਕ ਬਖਸ਼ੇਗਾ।

– ***ਪਿਆਰਾ ਸਿੰਘ ਪਦਮ,*** ਕਲਮ ਮੰਦਿਰ, ਲੋਅਰਮਾਲ, ਪਟਿਆਲਾ

★ ਜਿਸ ਤਰ੍ਹਾਂ ਕਿ ਮੈਂ ਆਪਣੇ ਪਹਿਲੇ ਖ਼ਤ ਵਿੱਚ ਭੀ ਆਪ ਜੀ ਦੁਆਰਾ ਪ੍ਰਕਾਸ਼ਤ ਕੀਤੇ ਜਾ ਰਹੇ ਮੈਗਜ਼ੀਨ, 'ਅੰਮ੍ਰਿਤ ਕੀਰਤਨ' ਦੀਆਂ ਵਡਿਆਈਆਂ ਬਾਰੇ ਲਿਖਿਆ ਸੀ, ਜੋ ਕਿ ਆਪ ਜੀਅ ਦੁਆਰਾ ਜਨਵਰੀ 2001 ਵਿੱਚ ਛਾਪਿਆ ਗਿਆ ਸੀ, ਉਸੇ ਤਰ੍ਹਾਂ ਹੀ ਇਸ ਵਾਰ ਭੀ ਮੈਂ ਇਸ ਮੈਗਜ਼ੀਨ ਦੇ ਲਗਾਤਾਰ ਛਪਦੇ ਰਹਿਣ ਨੂੰ ਇੱਕ ਸ਼ਲਾਘਾ ਯੋਗ ਕਦਮ ਕਹਿਣ ਤੋਂ ਰੁਕ ਨਹੀਂ ਸਕਦੀ। ਸਤਿਗੁਰੂ ਜੀ ਦੇ ਚਰਨਾਂ ਵਿੱਚ ਮੇਰੀ ਅਰਦਾਸ ਹੈ ਕਿ ਭਵਿੱਖ ਵਿੱਚ ਭੀ ਇਹ ਮੈਗਜ਼ੀਨ ਇਸੇ ਤਰ੍ਹਾਂ ਹੀ ਗੁਰਮਤਿ ਸੰਗੀਤ ਦੇ ਪਾਂਧੀਆਂ ਦਾ ਮਾਰਗ ਦਰਸ਼ਨ ਕਰਦਾ ਰਹੇ।

ਗੁਰਮਤਿ ਨਾਲ ਸੰਬੰਧਿਤ ਅਨੇਕਾਂ ਮੈਗਜ਼ੀਨ ਭਾਰਤ ਅਤੇ ਬਾਹਰਲੇ ਦੇਸਾਂ ਵਿੱਚ ਛਪਦੇ ਹਨ। ਜਿੱਥੇ ਤਕ ਮੇਰੀ ਸਮਝ ਦਾ ਘੇਰਾ ਹੈ, ਨਿਰੋਲ ਗੁਰਮਤਿ ਕੀਰਤਨ ਨਾਲ ਸੰਬੰਧਿਤ ਇਹ ਪਹਿਲਾ ਮੈਗਜ਼ੀਨ ਹੈ, ਜਿਸ ਵਿੱਚ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਹਿਤ ਸਿੱਖ ਜਗਤ ਨੂੰ ਜਾਗ੍ਰਿਤ ਹੀ ਨਹੀਂ ਕੀਤਾ ਜਾਂਦਾ ਸਗੋਂ ਨਿਰਧਾਰਤ ਰਾਗਾਂ ਵਿੱਚ ਕੀਰਤਨ ਸਿਖਾਉਣ ਦਾ ਭੀ ਬਹੁਤ ਅੱਛਾ ਉਪਰਾਲਾ ਕੀਤਾ ਜਾਂਦਾ ਹੈ। ਸਤਿਗੁਰਾਂ ਵਲੋਂ ਸਾਨੂੰ ਦਿੱਤੀ ਗਈ ਕੀਰਤਨ ਦੀ ਇਹ ਅਮੋਲਕ ਦਾਤ, ਜਿਸਦਾ ਅਜ ਦੇ ਸਮੇਂ ਵਿੱਚ ਮਿਆਰ ਫਿਲਮੀ ਧੁਨਾਂ ਜਾਂ ਬਹੁਤ ਹੀ ਹਲਕੀਆਂ ਗੀਤਾਂ ਤਕ ਸੀਮਤ ਹੋ ਕੇ ਰਹਿ ਗਿਆ ਹੈ, ਵਿੱਚ ਨਵੇਂ ਸਿਰੇ ਤੋਂ ਸੁਧਾਰ ਲਿਆਉਣ ਹਿਤ ਮੈਗਜ਼ੀਨ, 'ਅੰਮ੍ਰਿਤ ਕੀਰਤਨ' ਦਾ ਯੋਗਦਾਨ ਬਹੁਤ ਹੀ ਸ਼ਲਾਘਾ ਯੋਗ ਹੈ।

ਆਪਣੀ ਤੁਛ ਬੁਧੀ ਅਨੁਸਾਰ, ਇਸ ਮੈਗਜ਼ੀਨ ਵਿੱਚ 3-4 ਮਹੀਨੇ ਆਏ, ਮੀਟ ਸੰਬੰਧੀ ਵਿਗਿਆਪਨ ਵਲ ਮੈਂ ਆਪ ਜੀ ਦਾ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ। ਫੌਰੀ ਤੌਰ ਤੇ ਇਸ ਤੇ ਅਮਲ ਹੋਣਾ ਮੇਰੇ ਲਈ ਬਹੁਤ ਹੀ ਖੁਸ਼ੀ ਅਤੇ ਮਾਣ ਦੀ ਗੱਲ ਸੀ। ਇਸ ਤੋਂ ਉਪਰੰਤ ਲਗਾਤਾਰ ਅਗਲੇ ਦੋ ਐਡੀਸ਼ਨਾਂ ਵਿੱਚ ਇਸ ਦੇ ਖਿਲਾਫ ਜਾਂ ਰੋਸ ਵਿੱਚ ਤਿੱਖੇ ਪ੍ਰਤਿਕਰਮ ਪੜ੍ਹਨ ਵਿੱਚ ਆਏ, ਜਿਹਨਾਂ ਵਿੱਚ ਇਸ ਮੈਗਜ਼ੀਨ ਨੂੰ ਬੰਦ ਕਰਨ ਦੇ ਖਿਆਲ ਅਤੇ ਇਸ ਨੂੰ ਜਾਰੀ ਰੱਖਣ ਵਿੱਚ ਆ ਰਹੀਆਂ ਔਕੜਾਂ ਦੀ ਜਾਣਕਾਰੀ ਮਿਲੀ। ਇਹ ਪੜ੍ਹਕੇ ਮੇਰੇ ਮਨ ਨੂੰ ਬਹੁਤ ਹੀ ਦੁਖ ਪਹੁੰਚਾ। ਮੇਰੇ ਮਨ ਦੀ ਇਹ ਭਾਵਨਾ ਬਿਲਕੁਲ ਨਹੀਂ ਸੀ ਕਿ ਮੈਂ ਕੁਝ ਐਸਾ ਪ੍ਰਤਿਕਰਮ ਪ੍ਰਗਟ ਕਰਾਂ ਜਿਸ ਨਾਲ ਇਹ ਮੈਗਜ਼ੀਨ ਅਗਾਂਹ ਨੂੰ ਛਪਣਾ ਹੀ ਬੰਦ ਹੋ ਜਾਵੇ।

ਬਹੁਤ ਚਿਰ ਪਹਿਲਾਂ ਮੈਂ ਕਿਤੇ ਪੜ੍ਹਿਆ ਸੀ ਕਿ ਆਲੋਚਕ ਲਿਖਾਰੀਆਂ ਅਤੇ ਪ੍ਰਕਾਸ਼ਕਾਂ ਦੇ ਸ਼ੁਭਚਿੰਤਕ ਹੁੰਦੇ ਹਨ ਨਾ ਕਿ ਵਿਰੋਧੀ ਆਲੋਚਨਾ ਦੁਆਰਾ ਹੀ ਲਿਖਾਰੀਆਂ ਨੂੰ ਆਪਣੀਆਂ ਤਰੁਟੀਆਂ ਦਾ ਪਤਾ ਲਗਦਾ ਹੈ, ਜਿਸ ਵਿੱਚ ਸਮਾਧਾਨ ਕਰਕੇ ਉਹ ਆਪਣੀਆਂ ਰਚਨਾਵਾਂ ਨੂੰ ਹੋਰ ਸੁੰਦਰ ਅਤੇ ਉੱਚੇ ਮਿਆਰ ਵਾਲੀਆਂ ਬਣਾ ਸਕਦੇ ਹਨ।

ਜਿੱਥੋਂ ਤੱਕ ਪਰਚਾ ਜਾਰੀ ਰੱਖਣ ਵਿੱਚ ਔਕੜਾਂ ਦਾ ਸਵਾਲ ਹੈ, ਉਸ ਬਾਰੇ ਤਾਂ ਮੈਂ ਇਤਨਾ ਹੀ ਕਹਿ ਸਕਦੀ ਹਾਂ ਕਿ ਔਕੜਾਂ ਗੁਰਸਿੱਖੀ ਦੇ ਮਾਰਗ ਵਿੱਚ ਕੋਈ ਰੁਕਾਵਟ ਪੈਦਾ ਨਹੀਂ ਕਰ ਸਕਦੀਆਂ। ਜਦੋਂ ਸਾਨੂੰ ਗੁਰੂ ਸਾਹਿਬਾਂ ਨੇ ਪਾਂਧੀ ਹੀ ਖੰਡੇਧਾਰ ਮਾਰਗ ਦਾ ਬਣਾਇਆ ਹੈ ਫਿਰ ਔਕੜਾਂ ਤੋਂ ਕੀ ਡਰਨਾ।

"*ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇਧਾਰ*" (ਦੇਵਗੰਧਾਰੀ ਪੰਨਾ ੫੩੪)

ਅੰਤ ਵਿੱਚ ਮੈਂ ਫਿਰ ਇਹੋ ਹੀ ਕਹਾਂਗੀ ਕਿ ਜਦੋਂ ਆਪ ਜੀ ਨੇ ਇਹ ਪਰਚਾ ਨਿਰੋਲ ਗੁਰੂ ਦੇ ਮਿਸ਼ਨ ਨੂੰ ਮੁੱਖ ਰੱਖਕੇ ਸ਼ੁਰੂ ਕੀਤਾ ਹੈ ਤਾਂ ਇਸ ਨੂੰ ਸਫਲਤਾ ਭੀ ਸਤਿਗੁਰਾਂ ਨੇ ਆਪ ਹੀ ਬਖਸ਼ਣੀ ਹੈ। ਟੇਕ ਤਾਂ ਸਤਿਗੁਰਾਂ ਤੇ ਰੱਖਣੀ ਹੀ ਸ਼ੋਭਦੀ ਹੈ ਨਾ ਕਿ ਵਿਵਾਦ ਗ੍ਰਸਤ ਵਿਗਿਆਪਨਾਂ ਤੇ। ਕੋਸ਼ਿਸ਼ ਕੀਤੀ ਜਾਵੇ ਤਾਂ ਸਾਨੂੰ ਆਪਣੇ ਇਸ ਮੈਗਜ਼ੀਨ ਲਈ ਅਨੇਕਾਂ ਅਜਿਹੇ ਵਿਗਿਆਪਨ ਮਿਲ ਸਕਦੇ ਹਨ ਜਿਨ੍ਹਾਂ ਦੁਆਰਾ ਗੁਰਮਤਿ ਦੇ ਅਸੂਲਾਂ ਨੂੰ ਕੋਈ ਆਂਚ ਨਾਂ ਆਉਂਦੀ ਹੋਵੇ।

ਫਿਰ ਭੀ ਭੁੱਲਾਂ-ਚੁੱਕਾਂ ਲਈ ਖਿਮਾ ਦੇ ਜਾਚਕ ਹਾਂ ਜੀ।

– ***ਕਮਲਜੀਤ ਕੌਰ,*** 2225 ਸੈਕਟਰ 44-ਸੀ, ਚੰਡੀਗੜ੍ਹ 160 047

★ 'ਅੰਮ੍ਰਿਤ ਕੀਰਤਨ' ਦੀ ਸੇਵਾ ਤੁਸੀਂ ਜਿਸ ਤਨ-ਦੇਹੀ ਅਤੇ ਪਿਆਰ ਨਾਲ ਕਰ ਰਹੇ ਹੋ, ਉਸ ਨੂੰ ਅਥਾਹ ਕਹਿਆਂ ਹੀ ਮਨ ਨੂੰ ਪੂਰੀ ਪ੍ਰਸੰਨਤਾ ਅਨੁਭਵ ਕਰਦਾ ਹਾਂ। ਮੈਨੂੰ ਰਾਗ-ਤਾਲ ਨਾਲ ਬਚਪਨ ਤੋਂ ਹੀ ਹਿਤ ਰਿਹਾ ਹੈ ਪਰ ਪੰਜ-ਛੇ, ਸਵੇਰ-ਸ਼ਾਮ ਗਾਏ ਜਾਣ ਵਾਲੇ ਰਾਗਾਂ ਤੋਂ ਵੱਧ ਹੋਰ ਕਦੇ ਨਹੀਂ ਪੜ੍ਹਦਾ/ਗਾਉਂਦਾ ਰਿਹਾ। ਐਪਰ ਸੁਨਣ ਅਤੇ ਸੁਣਦਿਆਂ ਅਨੰਦ ਹੀ ਮਾਣਦਾ ਰਹਿੰਦਾ ਹਾਂ। ਤੁਸਾਂ ਇਸ ਹੁਨਰ ਨੂੰ ਜਿਸ ਲਗਨ ਨਾਲ ਅਪਣਾਇਆ ਹੈ, ਅਤੀ ਸ਼ਲਾਘਾ ਯੋਗ ਹੈ। ਗੁਰੂ ਦਾਤਾਰ ਇਸ ਬਖਸ਼ੀ ਦਾਤ ਨੂੰ ਨਿਤ ਪ੍ਰਤੀ ਦੂਣ-ਸਵਾਈ ਕਰਨ। ਇਹੀ ਮੇਰੀ ਅਰਦਾਸ ਹੈ।

– ***ਰਜਿੰਦਰ ਸਿੰਘ ਵਿਦਿਆਰਥੀ,*** 8 Gray Lane. Singapore 438 940

★ ਅਪ੍ਰੈਲ ਦਾ 'ਅੰਮ੍ਰਿਤ ਕੀਰਤਨ' ਪਹੁੰਚਿਆ ਹੈ। 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਜੀ ਦੀ ਤਹਰੀਰ ਕਾਬਲੇ ਤਾਰੀਫ ਸੀ। ਗਿਆਨੀ ਬਚਿੱਤਰ ਸਿੰਘ ਐਡਵੋਕੇਟ ਦਾ ਲੇਖ 'ਹਰਿਮੰਦਰ ਸਾਹਿਬ ਵਿੱਚ ਗੈਰ ਸਿੱਖ ਰਾਗੀ ਰਬਾਬੀ ਦੇ ਕੀਰਤਨ ਕਰਨ ਉੱਤੇ ਪਾਬੰਦੀ ਚਰਚਾ ਦਾ ਵਿਸ਼ਾ' ਪੜ੍ਹਿਆ। ਮੇਰੇ ਵਿਚਾਰ ਅਨੁਸਾਰ ਜਿਹੜਾ ਗੁਰੂ ਗ੍ਰੰਥ

ਸਾਹਿਬ ਨੂੰ ਗੁਰੂ ਨਹੀਂ ਮੰਨਦਾ ਉਹ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਦਾ ਹੱਕਦਾਰ ਨਹੀਂ। ਅਸੀਂ ਰਬਾਬੀਆਂ ਨੂੰ ਵਧੇਰੇ ਸਨਮਾਨ ਦਿੰਦੇ ਹਾਂ। ਪਰ ਗਰੀਬ ਸਿੱਖ ਅੰਮ੍ਰਿਤਧਾਰੀ ਕੀਰਤਨੀਆਂ ਨੂੰ ਕੀਰਤਨ ਨਹੀਂ ਕਰਨ ਦਿੰਦੇ। ਐਸਾ ਕਿਉਂ? ਪ੍ਰੋ. ਗੁਰਮੁਖ ਸਿੰਘ ਸਹਿਗਲ ਵਲੋਂ 'ਸਚਖੰਡ ਹਜ਼ੂਰ ਸਾਹਿਬ ਵਿੱਚ ਅਦੁੱਤੀ ਗੁਰਮਤਿ ਸਮਾਗਮ ਬਾਰੇ, ਬਲਵਿੰਦਰ ਸਿੰਘ ਵਲੋਂ 'ਸਭ ਦੂ ਵਡੇ ਭਾਗ ਗੁਰਸਿੱਖਾਂ ਕੇ' ਲੇਖ, ਕਰਤਾਰ ਸਿੰਘ ਨੀਲਧਾਰੀ ਵਲੋਂ 'ਅਮਲਾਂ ਦੇ ਹੋਣਗੇ ਨਬੇੜੇ' ਲੇਖ, ਪ੍ਰੋ. ਰਜਿੰਦਰ ਕੌਰ ਸਪੁਤਰੀ ਭਾਈ ਬਖਸ਼ੀਸ਼ ਸਿੰਘ ਜੀ ਦੀ ਮਹਾਨ ਰਾਗੀ ਵਲੋਂ ਭਾਈ ਬਖਸ਼ੀਸ਼ ਸਿੰਘ ਜੀ ਬਾਰੇ ਖੋਜ ਭਰਪੂਰ ਜਾਣਕਾਰੀ। ਦਾਸ ਨੂੰ 18-20 ਸਾਲ ਪਹਿਲਾਂ ਇੱਕ ਵਾਰੀ ਭਾਈ ਬਖਸ਼ੀਸ਼ ਸਿੰਘ ਜੀ ਨਾਲ ਸਾਈਡ ਤੇ ਕੀਰਤਨ ਕਰਨ ਦਾ ਸਮਾਂ ਮਿਲਿਆ ਸੀ। ਮੈਂ ਉਹਨਾਂ ਦਾ ਗਾਇਆ ਸ਼ਬਦ '*ਕਾਲੀ ਕੋਇਲ ਤੂੰ ਕਿਤ ਗੁਨ ਕਾਲੀ*' ਅਜੇ ਵੀ ਗਾਉਂਦਾ ਹੁੰਦਾ ਹਾਂ। ਬਬਲੀ ਐਸ. ਸਿੰਘ ਵਲੋਂ 'ਕੀਰਤਨ ਦਾ ਕਲਾਕਾਰ', 'ਪੁਸਤਕ ਸਮੀਖਿਆ' ਡਾ. ਗੁਰਮੀਤ ਸਿੰਘ ਬੈਦਵਾਣ ਵਲੋਂ, ਡਾ. ਗੁਰਨਾਮ ਸਿੰਘ ਵਲੋਂ 'ਰਾਗ ਗਉੜੀ ਮਾਲਾ' ਵਿੱਚ ਇੱਕ ਤਾਲ ਦੀ ਬੰਦਸ਼ ਆਦਿਕ ਸਮੱਗਰੀ ਬਹੁਤ ਹੀ ਕਾਬਲੇ ਤਾਰੀਫ ਸੀ।

- ***ਮੰਗਤ ਸਿੰਘ ਮਸਤਾਨਾ,*** ਰਾਗੀ ਜਥਾ ਮਲੋਟ ਮੰਡੀ

★ I am greatful for the comments of Col. A.S. Rattan, Mohali on the article "Blessings of Guru Gobind Singh's Amrit". Indeed I am sataria-bataria (since I'm over 70 now), but I should have thought that Guru Granth Sahib was declared Guru for all times only by Guru Gobind Singh and now this Guru is my Guru after Guru Gobind Singh. When I was given Amrit by Panj Piare I was told to tie myself to the feet of Guru Granth Sahib. Before 1708 this was a great holy scripture and not Guru. When I call the obedience to the dictates of Guru Granth Sahib as the privilege of an amritdhari Singh, I stress that there must be complete obedience to the Guru. Anyone who listens to and acts on the dictates of Guru Granth Sahib is bound to benefit, Amritdhari or not or even if he is a non-Sikh. But the cardinal fact is that as Amritdhari Singh I become entitled to the Guru's grace, which commits me to live Guru's dictates in life (and the Guru today, after Guru Gobind Singh, is Guru Granth Sahib.)

I apologise to Colonel Sahib for my initial inability to make this fact absolutely clear. I need to learn at his feet.

- ***Bhagwant Singh Dalawari,*** Tapovan, Amravati (Maharashtra)

★ I have received the April issue of 'Amrit Kirtan' and was very happy to see the new Cover Page Design. Thanks for incorporating the suggestion which I had made. I appreciate. I shall be very happy to hear from you the secret of your success as an Editor. In fact I feel that many other readers will also benefit by reading about your experiences of life, your work, your commitment and dedication.

- ***Satnam Kaur,*** e-mail: gurbani_class@yahoo.com

★ We read your magazine very regularly and appreciate the good & hard work being put in by you. We have recently launched a website-musicdarbar.com. In the devotional section only Gurbani Sansaar has been activated. We would be honoured if you could please visit the site and give us your views.

Also we would appreciate your suggestion of Ragi Jathas doing Kirtan in classical music-putting desired clarity & emphasis on Gurbani.

- ***Bimal Kaur & Inderjit Singh,*** e-mail: ec@vsnl.com

# ਕੀਰਤਨ ਮਹਿਮਾ

ਜਾਨਿ ਆਮਿ ਏਇ ਗਾਨੇਰ ਬਲੇ

ਬਸ ਗਇ ਤੋਮ੍ਹਾਰ ਸੰਮੁਖੇ।

ਪ੍ਰਾਣ ਦੀਏ ਜਾਹਗਾ ਨ ਪਾਇ।

ਗਾਨ ਦੀਏ ਚਰਣ ਛੁਇ ਜਾਇ।

ਮੈਂ ਜਾਣਦਾ ਹਾਂ ਕਿ ਇਸ ਗਾਉਣ ਕਲਾ ਦੇ ਆਸਰੇ ਮੈਂ ਤੁਹਾਡੀ ਹਜ਼ੂਰੀ ਵਿੱਚ ਸਨਮੁੱਖ ਬੈਠ ਸਕਿਆ ਹਾਂ। ਪ੍ਰਾਣ ਭੇਟ ਕਰਕੇ ਵੀ ਜਿੱਥੇ ਥਾਂ ਨਹੀਂ ਮਿਲਦੀ ਉੱਥੇ ਗਾਉਣ ਸਦਕੇ ਮੈਂ ਆਪਦੇ ਚਰਣ ਛੂਹਣ ਦਾ ਵੀ ਮਾਣ ਪਾ ਰਿਹਾ ਹਾਂ।

ਗੀਤਾਂਜਲੀ (ਬੰਗਾਲੀ)

*ਡਾ. ਰਵਿੰਦਰ ਨਾਥ ਟੈਗੋਰ*

**PAGE SPONSORED BY : AHUJA FAMILY**
C-353, Defence Colony New Delhi 110 024

# ਕਰਉ ਬੇਨੰਤੀਆ

## ਪ੍ਰੋ. ਚਤਰ ਸਿੰਘ

1982 ਵਿੱਚ ਮੈਂ 'ਪੰਜਾਬੀ ਟ੍ਰਿਬਿਊਨ' ਵਿੱਚ ਬਹੁਤ ਸਾਰੇ ਕੀਰਤਨੀਆਂ ਬਾਰੇ ਲੇਖ ਲਿਖੇ ਸਨ। ਉਹਨਾਂ ਲੇਖਾਂ ਵਿੱਚ ਕੁਝ ਕੀਰਤਨੀਆਂ, ਪ੍ਰਬੰਧਕਾਂ ਅਤੇ ਸਰੋਤਿਆਂ ਬਾਰੇ ਧਿਆਨ ਦੁਆਊ ਟਿਪਣੀਆਂ ਵੀ ਕੀਤੀਆਂ ਸਨ। ਇਹਨਾਂ ਟਿਪਣੀਆਂ ਨੂੰ ਲਿਖਣ ਵੇਲੇ ਸੋਚਦਾ ਸਾਂ ਕਿ ਸ਼ਾਇਦ ਇਸ ਨਾਲ ਉਪਰੋਕਤ ਲੋਕਾਂ ਦੀ ਸੋਚ ਟੁੰਬੀ ਜਾਵੇਗੀ ਅਤੇ ਕੁਝ ਸੁਧਾਰ ਹੋਵੇਗਾ। ਸੁਧਾਰ ਦਾ ਤਾਂ ਕੁਝ ਪਤਾ ਨਹੀਂ ਪਰ ਇਸ ਨਾਲ ਬਹੁਤੇ ਕੀਰਤਨੀਏ ਮੇਰੇ ਨਾਲ ਨਾਰਾਜ਼ ਹੋ ਗਏ ਅਤੇ ਉਹਨਾਂ ਨੇ ਕੀਰਤਨ ਦਰਬਾਰਾਂ ਅਤੇ ਕੈਸਟ ਕੰਪਨੀਆਂ ਕੋਲੋਂ ਮੇਰਾ ਇੱਕ ਤਰ੍ਹਾਂ ਨਾਲ ਬਾਈਕਾਟ ਹੀ ਕਰਵਾ ਛੱਡਿਆ। ਹੁਣ ਮੈਂ ਸੋਚਦਾ ਹਾਂ ਕਿ ਮੇਰਾ ਅਜਿਹਾ ਕਰਨਾ ਉਚਿਤ ਨਹੀਂ ਸੀ ਮੈਨੂੰ '*ਸਾਂਝ ਕਰੀਜੈ ਗੁਣਾ ਕੇਰੀ*' ਵਾਲੀ ਸੋਚ ਧਾਰਨ ਕਰਨੀ ਚਾਹੀਦੀ ਸੀ। ਖੈਰ ਹੁਣ ਕੀ ਹੋ ਸਕਦਾ ਹੈ।

ਉਹਨਾਂ ਦਿਨਾਂ ਵਿੱਚ ਹੀ ਬਰੇਲੀ ਸ਼ਹਿਰ ਵਿਖੇ ਇੱਕ ਗੁਰਪੁਰਬ ਤੇ ਪ੍ਰੋ. ਚਤਰ ਸਿੰਘ ਹੋਰਾਂ ਨਾਲ ਮੇਲ ਹੋਇਆ ਸੀ। ਮੈਂ ਪਹਿਲਾਂ ਵੀ ਸਰਹੰਦ ਅਤੇ ਚੰਡੀਗੜ੍ਹ ਵਿਖੇ ਉਹਨਾਂ ਦਾ ਕੀਰਤਨ ਸਰਵਨ ਕਰ ਚੁੱਕਾ ਸਾਂ। ਉਹਨਾਂ ਦਾ ਬੜਾ ਸਤਿਕਾਰ ਕਰਦਾ ਸਾਂ। ਖਾਸ ਕਰਕੇ ਜਦੋਂ ਉਹ ਕੀਰਤਨ ਸਮੇਂ ਕਦੀ ਸਿਤਾਰ ਅਤੇ ਫਿਰ ਉਸੇ ਨੂੰ ਦਿਲਰੁਬਾ ਵਾਂਗ ਵਜਾਉਂਦੇ ਤਾਂ ਮੈਨੂੰ ਬੜਾ ਚੰਗਾ ਲਗਦਾ। ਉਹਨਾਂ ਦੀਆਂ ਪੁਰਾਤਨ ਰੀਤਾਂ, ਪ੍ਰਮਾਣ ਅਤੇ ਵਿਆਖਿਆ ਵੀ ਉੱਚ ਕੋਟੀ ਦੀ ਸੀ।

ਬਰੇਲੀ ਦੇ ਇੱਕ ਗੁਰਦੁਆਰੇ ਵਿੱਚ ਮੇਰਾ ਪ੍ਰੋਫੈਸਰ ਸਾਹਿਬ ਨਾਲ ਮੇਲ ਹੋਇਆ ਸੀ। ਉੱਥੇ ਗੁਰਪੁਰਬ ਉੱਤੇ ਮੈਂ ਆਪਣੇ ਰਾਗੀ ਜਥੇ ਸਮੇਤ ਗਿਆ ਸੀ ਅਤੇ ਉਹ ਵੀ ਉੱਥੇ ਪੁੱਜੇ ਹੋਏ ਸਨ। ਉਦੋਂ ਹੀ ਪ੍ਰੋਫੈਸਰ ਸਾਹਿਬ ਨਾਲ ਮੈਂ ਉਹਨਾਂ ਦੇ ਜੀਵਨ ਬਾਰੇ ਕੁਝ ਗੱਲਾਂ ਕੀਤੀਆਂ। ਉਦੋਂ ਪ੍ਰੋਫੈਸਰ ਸਾਹਿਬ ਦੇ ਜਥੇ ਦੇ ਦੋ ਸਾਥੀ ਅਕਾਲ ਚਲਾਣਾ ਕਰ ਚੁੱਕੇ ਸਨ ਅਤੇ ਪ੍ਰਬੰਧਕਾਂ ਦੇ ਵਤੀਰੇ ਅਤੇ ਅਜੋਕੇ ਸਰੋਤਿਆਂ ਦੀ ਬੇਰੁਖੀ ਤੋਂ ਨਿਰਾਸ ਸਨ। ਉਹਨਾਂ ਨੇ ਆਪਣੇ ਕੌੜੇ ਮਿੱਠੇ ਤਜਰਬੇ ਮੈਨੂੰ ਦੱਸੇ ਸਨ, ਜਿਹਨਾਂ ਦੇ ਅਧਾਰ ਤੇ ਉਦੋਂ 'ਪੰਜਾਬੀ ਟ੍ਰਿਬਿਊਨ' ਵਿੱਚ ਇੱਕ ਲੇਖ ਵੀ ਲਿਖਿਆ ਸੀ। ਹੁਣ ਜਦੋਂ ਉਹ ਲੇਖ ਪੜ੍ਹਿਆ ਤਾਂ ਮੈਂ ਮਹਿਸੂਸ ਕੀਤਾ ਕਿ ਮੈਂ ਉਹਨਾਂ ਨਾਲ ਨਿਆਂ ਨਹੀਂ ਕੀਤਾ।

ਅੱਜ ਪ੍ਰੋਫੈਸਰ ਚਤਰ ਸਿੰਘ ਹੋਰਾਂ ਦੇ ਹੋਣਹਾਰ ਸਪੁੱਤਰ ਪ੍ਰੋ. ਜਬਰਜੰਗ ਸਿੰਘ ਹੋਰਾਂ ਦੀ ਸਹਾਇਤਾ ਨਾਲ 'ਅੰਮ੍ਰਿਤ ਕੀਰਤਨ' ਦਾ ਇਹ ਵਿਸ਼ੇਸ਼ ਅੰਕ ਛਾਪ ਕੇ ਮੈਨੂੰ ਅਤੀ ਪ੍ਰਸੰਨਤਾ ਹੋ ਰਹੀ ਹੈ। ਮੈ ਹੈਰਾਨ ਹੁੰਦਾ ਹਾਂ ਕਿ ਉਸ ਯੁਗ ਵਿੱਚ ਕੈਸੇ ਕੈਸੇ ਮਹਾਂ ਮਾਨਵ ਸਨ। ਉਹਨਾਂ ਨੂੰ ਕਿੰਨੇ ਮਾਣ ਸਨਮਾਨ ਮਿਲੇ ਪਰ ਉਹ ਸਦਾ ਨਿਮਰ ਰਹੇ। ਕਾਸ਼! ਅਸੀਂ ਅਜੇ ਵੀ ਕੁਝ ਸੁਚੇਤ ਹੋਈਏ ਤੇ ਆਪਣੇ ਬਜ਼ੁਰਗ ਕੀਤਰਨੀਆਂ ਦੀ ਸੇਵਾ ਸੰਭਾਲ ਕਰਦਿਆਂ ਉਹਨਾਂ ਦੀ ਕਲਾ ਅਤੇ ਅਨੁਭਵ ਆਉਣ ਵਾਲੀ ਪੀੜ੍ਹੀ ਲਈ ਸੰਭਾਲਣ ਦਾ ਯਤਨ ਕਰੀਏ। ਇਹ ਖ਼ੁਸ਼ੀ ਦੀ ਗੱਲ ਹੈ ਕਿ ਉਹਨਾਂ ਦੇ ਸਪੁੱਤਰ ਗੁਰਮਤਿ ਸੰਗੀਤ ਅਕੈਡਮੀ ਵਿੱਚ ਵਿਰਸੇ ਵਿੱਚੋਂ ਪ੍ਰਾਪਤ ਹੋਇਆ ਸੰਗੀਤ ਗਿਆਨ ਖੁਲ੍ਹ ਦਿੱਲੀ ਨਾਲ ਵੰਡ ਰਹੇ ਹਨ।

# ਸਨਮਾਨਤ ਕੀਰਤਨੀਏ - ਪ੍ਰੋ. ਚਤਰ ਸਿੰਘ ਜੀ

ਜਗਜੀਤ ਸਿੰਘ ਦਰਦੀ
ਮੁਖ ਸੰਪਾਦਕ, ਚੜ੍ਹਦੀ ਕਲਾ, ਪਟਿਆਲਾ

ਸਿੱਖ ਕੌਮ ਦੀ ਅੱਵਲ ਕਾਰ - 'ਕੀਰਤਨ' ਜਿਸ ਨੂੰ ਗੁਰਬਾਣੀ ਵਿੱਚ ਇਸ ਯੁੱਗ ਦੀ ਪ੍ਰਧਾਨ ਕਾਰ ਕਿਹਾ ਗਿਆ ਹੈ, ਦੇ ਖੇਤਰ ਵਿੱਚ 20ਵੀਂ ਸਦੀ ਵਿੱਚ ਵੀ ਕਈ ਪ੍ਰਸਿੱਧ ਰਾਗੀ ਜੱਥੇ ਹੋਏ ਹਨ ਜਿਨ੍ਹਾਂ ਵਿੱਚੋਂ ਪ੍ਰੋ. ਚਤਰ ਸਿੰਘ (ਕਾਕਾ) 'ਲਾਹੌਰ ਵਾਲੇ' ਦੇ ਰਾਗੀ ਜੱਥੇ ਦਾ ਨਾਂ ਮੁੱਢਲੀ ਕਤਾਰ ਵਿੱਚ ਹੈ। ਪ੍ਰੋ. ਚਤਰ ਸਿੰਘ ਜੀ ਦੇ ਜੱਥੇ ਦੁਆਰਾ 1928 ਤੋਂ 1990 ਤੱਕ ਕੀਤੇ ਜਾਂਦੇ ਰਹੇ ਪ੍ਰੰਪਰਾਗਤ ਕੀਰਤਨ ਸ਼ੈਲੀ ਦੇ ਗਾਇਨ, ਸਿੱਖ ਇਤਿਹਾਸ ਦੇ ਵਿਖਿਆਨ, ਗੁਰਮਤਿ ਵਲੋਂ ਪ੍ਰਵਾਨਤ ਅਤੇ ਹੋਰ ਬਹੁਤ ਸਾਰੇ ਤੰਤੀ ਸਾਜਾਂ ਦੇ ਵਾਦਨ, ਦੇਸ ਵਿਦੇਸ਼ਾਂ ਵਿੱਚ ਬੈਠੇ ਗੁਰਬਾਣੀ ਕੀਰਤਨ ਦੇ ਪ੍ਰੇਮੀਆਂ ਵਿੱਚ ਜੱਥੇ ਦੇ ਵਿਲੱਖਣ ਗੁਣਾ ਬਾਰੇ ਹੁੰਦੇ ਚਰਚੇ ਅਤੇ ਪ੍ਰੋ. ਚਤਰ ਸਿੰਘ ਜੀ ਦੀ ਗਾਇਨ ਅਤੇ ਵਾਦਨ ਕੁਸ਼ਲਤਾ ਬਾਰੇ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਉਨ੍ਹਾਂ ਨੂੰ ਸਨਮਾਨਤ ਕਰਦਿਆਂ ਦਿੱਤੇ ਗਏ ਮੈਡਲਾਂ ਅਤੇ ਪ੍ਰਮਾਣ ਪੱਤਰਾਂ ਦੀ ਲਿਖਤ ਤੋਂ ਇਸ ਜੱਥੇ ਦੀ ਖ਼ਿਆਤੀ ਬਾਰੇ ਜੋ ਪਤਾ ਲੱਗਦਾ ਹੈ ਉਸ ਨੂੰ ਮੁੱਖ ਰੱਖਦਿਆਂ ਇਸ ਜੱਥੇ ਨੂੰ 20ਵੀਂ ਸਦੀ ਦਾ ਸ਼੍ਰੋਮਣੀ ਗੁਰਬਾਣੀ ਕੀਰਤਨੀ ਜੱਥਾ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਪ੍ਰੋ. ਚਤਰ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਕੀਰਤਨ ਖੇਤਰ ਦੀ ਪ੍ਰਸਿੱਧਤਾ ਬਾਰੇ ਕਈ ਵਾਰ ਅਖ਼ਬਾਰਾਂ ਵਿੱਚ ਲੇਖ ਛਪ ਚੁੱਕੇ ਹਨ। ਪ੍ਰੋ. ਚਤਰ ਸਿੰਘ ਜੀ ਦਾ ਜਨਮ 1909-10 ਈ. ਵਿੱਚ ਲਾਹੌਰ ਵਿਖੇ ਕੀਰਤਨੀ ਘਰਾਣੇ ਵਿੱਚ ਭਾਈ ਮੰਗਲ ਸਿੰਘ ਜੀ ਦੇ ਗ੍ਰਹਿ ਹੋਇਆ। ਘਰ ਵਿੱਚ ਕੀਰਤਨ ਗਾਇਨ ਅਤੇ ਬਹੁਤ ਸਾਰੇ ਤੰਤੀ ਸਾਜਾਂ ਦੇ ਵਾਦਨ ਦਾ ਪ੍ਰਵਾਹ ਰਹਿਣ ਕਾਰਣ ਪ੍ਰੋ. ਚਤਰ ਸਿੰਘ ਜੀ ਨੂੰ ਬਚਪਨ ਵਿੱਚ ਹੀ ਗੁਰਬਾਣੀ ਕੀਰਤਨ ਦੀ ਲਟਕ ਲੱਗ ਗਈ ਅਤੇ ਛੋਟੀ ਉਮਰੇ ਹੀ ਆਪ ਖਿਡੌਣਿਆਂ ਦੀ ਜਗ੍ਹਾ ਤੰਤੀ ਸਾਜਾਂ ਵਿੱਚ ਦਿਲਚਸਪੀ ਲੈਣ ਲੱਗ ਪਏ। ਜਦੋਂ ਆਪ ਦੇ ਪਿਤਾ ਜੀ ਸਿਤਾਰ ਨਾਲ 'ਕੋਈ ਜਨੁ ਹਰਿ ਸਿਉ ਦੇਵੈ ਜੋਰੁ' ਸ਼ਬਦ ਦਾ ਗਾਇਨ ਕਰਦੇ ਤਾਂ ਆਪ ਦੌੜ ਕੇ ਉਨ੍ਹਾਂ ਕੋਲ ਆ ਬੈਠਦੇ ਅਤੇ ਸ਼ਬਦ ਦੀਆਂ ਤੁਕਾਂ ਦਾ ਭਾਵ ਸਮਝਦੇ। ਆਪ ਦੀ ਕੀਰਤਨ ਗਾਇਨ ਅਤੇ ਤੰਤੀ ਸਾਜਾਂ ਦੇ ਵਾਦਨ ਪ੍ਰਤੀ ਲਟਕ ਵੱਧਦੀ ਹੀ ਗਈ ਅਤੇ 12-13 ਸਾਲ ਦੀ ਉਮਰ ਵਿੱਚ ਆਪ ਕਾਫ਼ੀ ਮੁਹਾਰਤ ਨਾਲ ਗੁਰਬਾਣੀ ਕੀਰਤਨ ਕਰਨ ਲੱਗ ਪਏ। ਆਪ ਜੀ ਦਾ ਜੱਥਾ 'ਪ੍ਰੋ. (ਕਾਕਾ) ਚਤਰ ਸਿੰਘ ਮੁਨਸ਼ਾ ਸਿੰਘ, ਲਾਹੌਰ ਵਾਲੇ' ਦੇ ਨਾਂ ਨਾਲ ਪ੍ਰਸਿੱਧੀ ਹਾਸਲ ਕਰਨ ਲੱਗ ਪਿਆ।

ਆਪ ਜੀ ਨੂੰ ਇੱਕ-ਦੋ ਵਾਰ ਹੀ ਨਹੀਂ ਬਲਕਿ ਸੈਂਕੜੇ ਵਾਰ ਵੱਖ-ਵੱਖ ਇਤਿਹਾਸਕ ਅਤੇ ਸਿੰਘ ਸਭਾ ਆਦਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਸੋਨੇ ਚਾਂਦੀ ਆਦਿ ਧਾਤਾਂ ਦੇ ਤਮਗਿਆਂ ਅਤੇ ਪ੍ਰਮਾਣ ਪੱਤਰਾਂ ਨਾਲ ਸਮੇਂ-ਸਮੇਂ ਸਨਮਾਨਤ ਕੀਤਾ ਜਾਂਦਾ ਰਿਹਾ ਹੈ। ਆਪ ਜੀ ਨੂੰ ਸਨਮਾਨਤ ਕਰਦਿਆਂ ਜਿੰਨੇ ਵੀ ਪ੍ਰਮਾਣ ਪੱਤਰ ਦਿੱਤੇ ਗਏ ਹਨ ਉਨ੍ਹਾਂ ਵਿੱਚੋਂ ਹਰ ਇੱਕ 'ਚ ਇਸ ਗੱਲ ਦਾ ਪ੍ਰਗਟਾ ਕੀਤਾ ਗਿਆ ਹੈ ਕਿ ਇਸ ਸਦੀ ਵਿੱਚ ਕੀਰਤਨ ਖੇਤਰ ਵਿੱਚ ਆਪ ਦਾ ਸਾਨੀ ਕੋਈ ਨਹੀਂ ਦੇਖਿਆ/ਸੁਣਿਆ ਗਿਆ।

1941 ਵਿੱਚ ਗੁਰਦੁਆਰਾ ਕਮੇਟੀ, ਭਾਈ ਜੋਗਾ ਸਿੰਘ ਜੀ, ਪਿਸ਼ਾਵਰ ਸ਼ਹਿਰ (ਪਾਕਿਸਤਾਨ) ਵਲੋਂ ਜੋ ਆਪ ਨੂੰ ਪ੍ਰਮਾਣ ਪੱਤਰ ਦਿੱਤਾ ਗਿਆ ਸੀ ਉਸ ਵਿੱਚ ਲਿਖਿਆ ਹੈ ਕਿ -

> "ਪ੍ਰੋ. ਚਤਰ ਸਿੰਘ ਮੁਨਸ਼ਾ ਸਿੰਘ ਜੀ ਦੇ ਜੱਥੇ ਨੇ 1932 ਵਿੱਚ ਤਕਰੀਬਨ 6 ਮਹੀਨੇ ਇਸ ਦਰਬਾਰ ਦੀ ਸੇਵਾ ਕੀਤੀ ਅਤੇ ਹੁਣ ਕਾਫੀ ਸਮੇਂ ਬਾਅਦ ਇਨ੍ਹਾਂ ਨੇ ਇਸ ਦਰਬਾਰ ਦੀ ਹਾਜ਼ਰੀ ਭਰੀ ਹੈ। ਆਪ ਜੀ ਦੇ ਜੱਥੇ ਦਾ ਕੀਰਤਨ ਬੜਾ ਮਿੱਠਾ ਤੇ ਰਸਭਿੰਨਾ ਹੈ। ਭਾਈ ਮੁਨਸ਼ਾ ਸਿੰਘ ਜੀ ਬੜੀ ਸੁੰਦਰ ਵਿਆਖਿਆ ਕਰਦੇ ਹਨ ਤੇ (ਪ੍ਰੋਫੈਸਰ) ਚਤਰ ਸਿੰਘ ਜੀ ਛੋਟੀ ਜਿਹੀ ਉਮਰ ਵਿੱਚ ਰਾਗ ਵਿੱਦਿਆ ਵਿੱਚ ਪਰਬੀਨ ਹਨ ਤੇ ਹਰੇਕ ਸਾਜ ਬਜਾਨ ਵਿੱਚ ਆਪਨੇ ਕਮਾਲ ਹਾਸਲ ਕੀਤਾ ਹੈ...।"

1940 ਵਿੱਚ ਆਪ ਜੀ ਨੂੰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਦਿਓਲਾਲੀ ਦੀ ਪ੍ਰਬੰਧਕ ਕਮੇਟੀ ਵਲੋਂ ਜੋ ਪ੍ਰਮਾਣ ਪੱਤਰ ਦਿੱਤਾ ਗਿਆ ਹੈ ਉਸ ਵਿੱਚ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਸ੍ਰ. ਮੱਲ ਸਿੰਘ ਜੀ ਨੇ ਆਪ ਜੀ ਦੇ ਜੱਥੇ ਦੀ ਕੁਸ਼ਲਤਾ ਬਿਆਨ ਕਰਦਿਆਂ ਲਿਖਿਆ ਹੈ -

"ਮੈਨੂੰ ਬਹੁਤ ਸਾਰੇ ਜੱਥੇ (ਰਾਗੀ) ਸੁਣਨ ਦਾ ਸਮਾਂ ਮਿਲਦਾ ਰਿਹਾ ਹੈ, ਮਧੁਰ ਸੁਰ, ਰਾਗ, ਤਾਨ ਪਲਟੇ ਰਸਦਾਇਕ ਬਹੁਤ ਸੁਣੇ ਸਨ ਪਰ ਅੱਜ ਜੋ ਅਨੰਦ ਆਯਾ ਹੈ ਉਹ ਅਨੁਭਵ ਤੇ ਕੀਤਾ ਜਾ ਸਕਦਾ ਹੈ ਪਰ ਪ੍ਰਗਟ ਕਰਨਾ ਅਸੰਭਵ ਨਹੀਂ ਤਾਂ ਕਠਨ ਜਰੂਰ ਹੈ...।"

1941 ਵਿੱਚ ਗੁਰਦੁਆਰਾ ਕਮੇਟੀ, ਸ੍ਰੀ ਗੁਰੂ ਸਿੰਘ ਸਭਾ, ਲਾਲਾ ਮੂਸਾ ਵਲੋਂ ਦਿੱਤੇ ਗਏ ਪ੍ਰਮਾਣ ਪੱਤਰ ਵਿੱਚ ਆਪ ਜੀ ਦੇ ਜੱਥੇ ਬਾਰੇ ਲਿਖਿਆ ਹੈ -

"...ਆਪ ਦੇ ਕੀਰਤਨ ਅੰਦਰ ਕੁਝ ਨਿਰਾਲੇ ਢੰਗ ਦਾ ਅਸਰ ਦੇਖਣ ਵਿੱਚ ਆਇਆ। ਕੀਰਤਨ ਦੇ ਹਰ ਪ੍ਰੋਗਰਾਮ ਅੰਦਰ ਗੁਰਦੁਆਰਾ ਦੇ ਹਾਲ ਕਮਰੇ ਅੰਦਰ ਕਾਫੀ ਅਮਨ ਸੀ। ਸਭ ਸੰਗਤਾਂ ਇਹਨਾਂ ਦਾ ਕੀਰਤਨ ਸੁਣ ਕੇ ਅਤਿ ਪ੍ਰਸੰਨ ਹੋਈਆਂ ਕਿਉਂਕਿ ਇਹੋ ਜਿਹੇ ਰਾਗ ਵਿੱਦਿਆ ਦੇ ਵਿਦਵਾਨ ਬਹੁਤ ਘੱਟ ਦੇਖਣ ਵਿੱਚ ਆਉਂਦੇ ਹਨ। ਰਾਗ ਵਿਦਿਆ ਦੀ ਤਰੀਫ ਜਿਤਨੀ ਕੀਤੀ ਜਾਏ ਬਹੁਤ ਥੋੜੀ ਹੈ...।"

ਮਈ 1939 ਵਿੱਚ ਆਪ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਮਾਗਮ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ ਵਲੋਂ ਗੁਰਦੁਆਰਾ ਡੇਹਰਾ ਸਾਹਿਬ (ਪਾਕਿਸਤਾਨ) ਵਿਖੇ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਇਥੇ ਆਪ ਜੀ ਨੇ ਜੱਥੇ ਸਮੇਤ ਲਗਭਗ ਇੱਕ ਹਫਤਾ ਕੀਰਤਨ ਦੁਆਰਾ ਗੁਰੂ ਸੰਗਤਾਂ ਦੀ ਸੇਵਾ ਕੀਤੀ। ਤਿੰਨ-ਤਿੰਨ ਘੰਟੇ ਦੇ ਲੰਮੇ ਦੀਵਾਨਾ ਵਿੱਚ ਆਪ ਜੀ ਨੇ ਵੱਖ-ਵੱਖ ਤੰਤੀ ਸਾਜਾਂ ਨਾਲ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਬਹੁਤ ਅਨੰਦਿਤ ਅਤੇ ਪ੍ਰਭਾਵਿਤ ਕੀਤਾ। ਦੀਵਾਨਾਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰਬਾਣੀ ਰਚਨਾ ਸਬੰਧੀ ਇਤਿਹਾਸ ਦਾ ਵਰਨਣ ਇੰਨੇ ਗੁਣਾਤਮਕ ਅਤੇ ਕਲਾਤਮਕ ਢੰਗ ਨਾਲ ਕੀਤਾ ਕਿ ਸ੍ਰੋਤੇ ਕੀਲੇ ਹੀ ਗਏ। ਆਪ ਜੀ ਦੇ ਜੱਥੇ ਦੁਆਰਾ ਕੀਤੇ ਗਏ ਕੀਰਤਨ ਅਤੇ ਇਤਿਹਾਸ ਵਰਨਣ ਸਬੰਧੀ ਬਹੁਤ ਸਾਰੇ ਪ੍ਰਸੰਸਾ ਪੱਤਰ ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ ਨੂੰ ਉਨ੍ਹਾਂ ਸੰਗਤਾਂ ਵਲੋਂ ਪ੍ਰਾਪਤ ਹੋਏ ਜਿਨ੍ਹਾਂ ਨੇ ਆਪ ਜੀ ਦਾ ਕੀਰਤਨ ਰੇਡੀਓ ਤੇ ਸ੍ਰਵਣ ਕੀਤਾ ਜੋ ਗੁਰਦੁਆਰਾ ਡੇਹਰਾ ਸਾਹਬ ਤੋਂ ਪ੍ਰਸਾਰਤ ਕੀਤਾ ਗਿਆ ਸੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪ ਨੂੰ ਸਨਮਾਨਿਤ ਕਰਦਿਆਂ ਜੋ ਪ੍ਰਮਾਣ ਪੱਤਰ ਦਿੱਤਾ ਗਿਆ ਸੀ ਉਸ ਵਿੱਚ ਕਮੇਟੀ ਦੇ ਉਸ ਸਮੇਂ ਦੇ ਸਕੱਤਰ ਸਾਹਿਬ ਨੇ ਲਿਖਿਆ ਹੈ -

"...the merits possessed by Bhai Chattar Singh Ragi, I confidently say that he is a good artist and I have every hope that the growing youth will prove a boon to the sikh community as regards the mission work is concerned..."

ਸਮੇਂ-ਸਮੇਂ ਤੇ ਸਿੱਖ ਸੰਗਤਾਂ ਅਤੇ ਗੁਰਬਾਣੀ ਕੀਰਤਨ ਦੇ ਰਸੀਆਂ ਵਲੋਂ ਜੋ ਆਪ ਨੂੰ ਉਤਸ਼ਾਹ, ਪ੍ਰੇਰਣਾ, ਪ੍ਰਸੰਸਾ ਅਤੇ ਸ਼ਲਾਘਾ ਮਿਲਦੀ ਰਹੀ ਉਸ ਸਦਕਾ ਆਪ ਜੀ ਪ੍ਰੰਪਰਾਗਤ ਗੁਰਬਾਣੀ ਕੀਰਤਨ ਦੀ ਸ਼ੈਲੀ ਨੂੰ ਵਿਕਸਤ ਕਰਨ ਲਈ ਦੇਸ ਦੇ ਵੱਖ-ਵੱਖ ਥਾਵਾਂ ਤੇ ਆਪਣੇ ਜੱਥੇ ਸਮੇਤ ਜਾਂਦੇ ਰਹੇ। ਦੇਸ ਵਿਦੇਸ਼ ਦੇ ਵੱਖ-ਵੱਖ ਥਾਵਾਂ ਤੇ ਕੀਰਤਨ ਪ੍ਰੋਗਰਾਮਾਂ ਅਤੇ ਰਾਗ ਦਰਬਾਰਾਂ ਵਿੱਚ ਆਪ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਜਾਂਦਾ ਰਿਹਾ ਹੈ।

1946 ਵਿੱਚ ਆਪ ਜੀ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਵਿਖੇ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਇੱਥੇ ਆਪ ਜੀ ਨੇ ਲਗਭਗ 15 ਦਿਨ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇੱਥੋਂ ਦੀਆਂ ਸੰਗਤਾਂ ਆਪ ਦੇ ਕੀਰਤਨ ਦੀ ਪੇਸ਼ਕਸ਼ ਤੋਂ ਇੰਨੀਆਂ ਪ੍ਰਭਾਵਿਤ ਹੋਈਆਂ ਕਿ ਆਪ ਨੂੰ ਹੋਰ ਲੰਮੇ ਸਮੇਂ ਲਈ ਸੇਵਾ ਕਰਨ ਲਈ ਕਿਹਾ ਗਿਆ। ਪ੍ਰੰਤੂ ਜਦੋਂ ਆਪ ਜੀ ਨੇ ਹੋਰ ਅਸਥਾਨਾਂ ਦੀਆਂ ਸੰਗਤਾਂ ਦੇ ਬੁਲਾਵੇ ਸਬੰਧੀ ਜਾਣੂ ਕਰਵਾਇਆ ਤਾਂ 18 ਅਪ੍ਰੈਲ, 1946 ਨੂੰ ਆਪ ਜੀ ਨੂੰ ਵਿਸ਼ੇਸ਼ ਤੌਰ ਤੇ ਕਿਰਪਾਨ, ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰਮਾਣ ਪੱਤਰ ਵਿੱਚ ਗੁਰਦੁਆਰਾ ਸੀਸ ਗੰਜ ਪ੍ਰਬੰਧਕ

ਕਮੇਟੀ, ਦਿੱਲੀ ਦੇ ਉਸ ਸਮੇਂ ਦੇ ਮੈਨੇਜਰ ਸ੍ਰੀ ਹਰਨਾਮ ਸਿੰਘ ਜੀ ਨੇ ਲਿਖਿਆ ਹੈ -

> "...I hope this Ragi Jatha will bring great credit to the sikh community especialy..."

ਆਪ ਜੀ ਕੀਰਤਨ ਦੁਆਰਾ ਕੇਵਲ ਸੰਗਤਾਂ ਨੂੰ ਅਨੰਦਿਤ ਜਾਂ ਪ੍ਰਭਾਵਿਤ ਹੀ ਨਹੀਂ ਸਨ ਕਰਦੇ ਸਗੋਂ ਆਪਣਾ ਆਤਮਿਕ ਅਨੰਦ ਵੀ ਕੀਰਤਨ ਦੁਆਰਾ ਹੀ ਮਾਣਦੇ ਸਨ। ਬੇਸ਼ਕ ਕੀਰਤਨ ਹੀ ਆਪ ਦਾ ਰੋਜ਼ਗਾਰ ਸੀ ਫਿਰ ਵੀ ਆਪ ਜੀ ਕੀਰਤਨ ਭੇਟਾ ਦੀ ਮੰਗ ਮੂੰਹੋਂ ਕਦੀ ਨਹੀਂ ਸਨ ਕਰਦੇ ਅਤੇ ਨਾ ਹੀ ਕੀਰਤਨ ਕਰਦੇ ਸਮੇਂ ਸੰਗਤਾਂ ਦੇ ਇਕੱਠ ਨੂੰ ਵਿਚਾਰਦੇ ਸਨ। ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਆਪਣੇ ਸਾਜ਼ ਸੁਰ ਕਰਕੇ ਕੀਰਤਨ ਆਰੰਭ ਕਰ ਦਿੰਦੇ। ਆਪ ਜੀ ਜਦੋਂ ਵੈਰਾਗਮਈ ਸੁਰਾਂ ਵਿੱਚ ਗੁਰਬਾਣੀ ਅਲਾਪਦੇ ਤਾਂ ਸੰਗਤਾਂ ਦਾ ਵਹੀਰ ਸੁਭਾਵਕ ਹੀ ਗੁਰਦੁਆਰਾ ਸਾਹਿਬ ਵੱਲ ਤੁਰਿਆ ਆਉਂਦਾ। ਪਰ ਜੇ ਕਦੀ ਦੋ-ਚਾਰ ਸਰੋਤੇ ਵੀ ਬੈਠੇ ਹੁੰਦੇ ਤਾਂ ਵੀ ਆਪ ਕੀਰਤਨ ਕਰਦੇ ਭਾਵ ਕੀਰਤਨ ਆਪਣਾ ਰੋਜ਼ਗਾਰ ਹੁੰਦੇ ਹੋਏ ਵੀ ਆਪ ਕੇਵਲ ਮਾਇਆ ਲਈ ਹੀ ਕੀਰਤਨ ਨਹੀਂ ਸਨ ਕਰਦੇ। ਇਹੀ ਕਾਰਣ ਸੀ ਕਿ ਜਿੱਥੇ ਸੰਗਤਾਂ ਆਪ ਦੀ ਕਲਾ ਦੀ ਪ੍ਰਸ਼ੰਸਾ ਕਰਦੀਆਂ ਸਨ ਉਥੇ ਆਪ ਦੇ ਮਿਲਾਪੜੇ ਅਤੇ ਸਥਿਰ ਸੁਭਾਅ ਦੀਆਂ ਵੀ ਬਹੁਤ ਕਾਇਲ ਸਨ। 18-6-1946 ਨੂੰ ਗੁਰਦੁਆਰਾ ਕਮੇਟੀ, ਸ੍ਰੀ ਗੁਰੂ ਸਿੰਘ ਸਭਾ, ਗਨੇਸ਼ ਪੇਠ, ਪੂਨਾ ਵਲੋਂ ਆਪ ਜੀ ਨੂੰ ਸਨਮਾਨਿਤ ਕਰਦਿਆਂ ਜੋ ਪ੍ਰਮਾਣ ਪੱਤਰ ਦਿੱਤਾ ਗਿਆ ਉਸ ਵਿੱਚ ਵਿਸ਼ੇਸ਼ ਤੌਰ ਤੇ ਲਿਖਿਆ ਹੈ -

> "...ਇਸ ਜੱਥੇ ਵਿੱਚ ਜੇੜੀ ਖਾਸ ਗਲ ਵੇਖਣ ਵਾਲੀ ਇਹ ਹੈ ਕਿ ਆਪ ਮਾਇਆ ਵਾਸਤੇ ਬਿਲਕੁਲ ਉਪਰਾਮ ਨਹੀਂ ਹੋਏ ਅਤੇ ਇਨਆਂ ਦਾ ਕੀਰਤਨ ਨਿਹੈਤ ਹੀ ਉੱਚੇ ਦਰਜੇ ਤੇ ਉਚ ਪੈਮਾਨੇ ਦਾ ਹੈ।"

ਆਪ ਦੇ ਮਨੋਹਰ ਕੀਰਤਨ, ਗੁਰੂ ਬਖ਼ਸ਼ਿਸ਼ ਸਦਕਾ ਕਈ ਤਰ੍ਹਾਂ ਦੇ ਸਾਜ਼ ਵਜਾਉਣ ਦੀ ਮੁਹਾਰਤ ਅਤੇ ਕੀਰਤਨ ਦੀ ਨਵੇਕਲੀ ਅਦਾਕਾਰੀ ਕਾਰਣ ਆਪ ਨੂੰ ਸਾਰੇ ਤਖ਼ਤਾਂ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ - ਸ੍ਰੀ ਨਾਨਕਾਣਾ ਸਾਹਿਬ, ਪੰਜਾ ਸਾਹਿਬ (ਪਾਕਿਸਤਾਨ), ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਦਮਦਮਾ ਸਾਹਿਬ, ਸ੍ਰੀ ਹਜੂਰ ਸਾਹਿਬ (ਨੰਦੇੜ), ਸ੍ਰੀ ਕੇਸ ਗੜ੍ਹ ਸਹਿਬ... ਵਲੋਂ ਵੀ ਕਈ ਵਾਰ ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਜਾਂਦਾ ਰਿਹਾ ਹੈ।

ਜੂਨ 1938 ਵਿੱਚ ਬਰ੍ਹਮਾ ਵਿਖੇ ਬਰ੍ਹਮਾ ਮਿਲਟਰੀ ਪੁਲੀਸ (Southern Shan States Battalion) ਨੇ ਆਪ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਸਿੱਖ ਟੈਂਪਲ, ਰੰਗੂਨ ਵਿਖੇ ਆਪ ਲਗਭਗ ਦੋ ਮਹੀਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਇੱਥੇ ਹੀ ਆਪ ਜੀ ਦੇ ਵੱਡੇ ਭਰਾ ਸ੍ਰ. ਸੁਦਾਗਰ ਸਿੰਘ ਜੀ (ਜੋ ਤਬਲੇ ਤੇ ਸਾਥ ਦਿੰਦੇ ਸਨ) ਦੇ ਬਿਮਾਰ ਹੋ ਜਾਣ ਕਾਰਣ ਮਹਾਨ ਸੰਗੀਤ ਅਚਾਰੀਆ ਪ੍ਰੋ. ਤਾਰਾ ਸਿੰਘ ਜੀ ਕੁਝ ਦਿਨ ਆਪ ਨਾਲ ਤਬਲੇ ਤੇ ਸੇਵਾ ਕਰਦੇ ਰਹੇ। ਸਿੱਖ ਟੈਂਪਲ ਕਮੇਟੀ, ਰੰਗੂਨ ਨੇ ਵੀ ਆਪ ਨੂੰ ਮੈਡਲ, ਨਕਦ ਭੇਟਾ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ।

ਗੁਰੂ ਮਹਾਰਾਜ ਦੀ ਬਖ਼ਸ਼ਿਸ਼ ਅਤੇ ਸੰਗਤਾਂ ਦੀ ਆਸੀਸ ਸਦਕਾ ਆਪ ਇੰਨਾ ਰੂਹਾਨੀਅਤ ਭਰਿਆ ਗੁਰਬਾਣੀ ਗਾਇਣ ਕਰਦੇ ਸਨ ਕਿ ਸਰੋਤੇ ਬਸ ਕੀਲੇ ਹੀ ਜਾਂਦੇ ਸਨ। ਆਪ ਦੇ ਕੀਰਤਨ ਦੁਆਰਾ ਸੰਗਤਾਂ ਜੋ ਅਨੰਦ ਮਾਣਦੀਆਂ ਸਨ ਉਸ ਦਾ ਬਿਆਨ ਕਰਨਾ ਮੁਸ਼ਕਲ ਹੈ, ਉਹ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਸੀ। ਤਖ਼ਤ ਸ੍ਰੀ ਪਟਨਾ ਸਾਹਿਬ ਵਲੋਂ ਆਪ ਨੂੰ 1953 ਵਿੱਚ ਸਨਮਾਨਤ ਕਰਦਿਆਂ ਦਿੱਤੇ ਗਏ ਪ੍ਰਮਾਣ ਪੱਤਰ ਲਿਖਿਆ ਹੈ-

> "...ਆਪ ਜੀ ਦੇ ਮੁਖਾਰਬਿੰਦ ਤੋਂ ਇਲਾਹੀ ਬਾਣੀ ਦਾ ਕੀਰਤਨ ਸ੍ਵਨ ਕਰਕੇ ਇੱਥੋਂ ਦੀਆਂ ਸੰਗਤਾਂ ਨੇ ਉਹ ਅਨੰਦ ਮਾਣਿਆ ਹੈ ਜਿਸਦਾ ਵਰਨਣ ਕਲਮ ਦੁਆਰਾ ਕਰਨਾ ਮੁਸ਼ਕਲ ਹੈ - ਵਰਨਣ ਸੰਗਤਾਂ ਹੀ ਕਰ ਸਕਦੀਆਂ ਹਨ...।"

ਇਸ ਕਥਨ ਦੀ ਪੁਸ਼ਟੀ ਕੀਰਤਨ ਦੇ ਪੁਰਾਤਨ ਰਸੀਆਂ/ਸਰੋਤਿਆਂ ਕੋਲੋਂ ਅੱਜ ਵੀ ਕੀਤੀ ਜਾ ਸਕਦੀ ਹੈ।

ਆਪ ਜੀ ਗੁਰਮਤਿ ਵਲੋਂ ਪ੍ਰਵਾਨਤ ਸਾਜ਼ਾਂ ਦੇ ਨਾਲ-ਨਾਲ ਕਈ ਆਧੁਨਿਕ ਸਾਜ਼ ਵੀ ਆਪਣੇ ਕੀਰਤਨ ਗਾਇਨ ਨਾਲ ਖੁਦ ਵਜਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਹਨ। ਸਿੱਖ ਇਤਿਹਾਸ ਵਿੱਚ ਸ਼ਾਇਦ ਹੀ ਕੋਈ ਦੂਜੀ ਅਜਿਹੀ ਸ਼ਖ਼ਸ਼ੀਅਤ ਹੋਵੇ ਜਿਸ ਨੂੰ ਕੀਰਤਨ ਖੇਤਰ ਅਤੇ ਸੰਗੀਤ ਵਿੱਦਿਆ ਵਿੱਚ ਇੰਨੀ ਵੱਡੀ ਕੁਸ਼ਲਤਾ ਹਾਸਲ ਹੋਵੇ। ਆਪ ਨੇ ਆਪਣੇ ਕੀਰਤਨ ਗਾਇਨ ਸਮੇਂ ਸੰਗੀਤਕ ਕੁਸ਼ਲਤਾ ਦੇ ਨਾਲ-ਨਾਲ ਸ਼ਬਦ ਉਚਾਰਨ ਅਤੇ ਪ੍ਰੰਪਰਤਾ ਦਾ ਹਮੇਸ਼ਾਂ ਖਿਆਲ ਰੱਖਿਆ ਜਿਸ ਕਾਰਨ ਕੀਰਤਨ ਖੇਤਰ ਵਿੱਚ ਆਮ ਚਾਨਣ ਮੁਨਾਰੇ ਵਾਂਗ ਜਾਣੇ ਜਾਂਦੇ ਰਹਿਣਗੇ। ਬਹੁਤ ਸਾਰੇ ਪ੍ਰਸਿੱਧ ਰਾਗੀ ਜੱਥੇ ਆਪ ਤੋਂ ਕੀਰਤਨ ਅਦਾਕਾਰੀ ਦੀ ਸੇਧ ਲੈਂਦੇ ਰਹੇ ਹਨ। ਸੰਨ 1952 ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਵਲੋਂ ਆਪ ਨੂੰ ਸਨਮਾਨਤ ਕਰਦਿਆਂ ਜੋ ਪ੍ਰਮਾਣ ਪੱਤਰ ਦਿੱਤਾ ਗਿਆ ਸੀ ਉਸ ਵਿੱਚ ਲਿਖਿਆ ਹੈ -

> "...ਪ੍ਰੋਫੈਸਰ ਚਤਰ ਸਿੰਘ ਭਾਈ ਮੁਨਸ਼ਾ ਸਿੰਘ ਜੀ ਲਾਹੌਰ ਵਾਲਿਆਂ ਦੇ ਜੱਥੇ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ 'ਆਸਾ ਦੀ ਵਾਰ' ਦਾ ਕੀਰਤਨ ਕੀਤਾ। ਇਨ੍ਹਾਂ ਦਾ ਕੀਰਤਨ ਰਾਗ, ਤਾਲ ਤੇ ਸੁਰ ਦੇ ਲਿਹਾਜ ਨਾਲ ਬਹੁਤ ਸ਼ਲਾਘਾ ਯੋਗ ਹੈ। ਕੀਰਤਨ ਵਿੱਚ ਤਾਰ ਦੇ ਸਾਜਾਂ ਨੂੰ ਵਰਤਣਾ ਅਤਿ ਪ੍ਰਸ਼ੰਸਨੀਯ ਹੈ। ਮੇਰੀ ਰਾਏ ਹੈ ਕਿ ਸਮੂੰਹ ਕੀਰਤਨੀ ਜੱਥਿਆਂ ਨੂੰ ਕੀਰਤਨ ਦੀ ਪਰੰਪ੍ਰਤਾ ਨੂੰ ਕਾਇਮ ਰੱਖਣ ਲਈ ਗੁਰਬਾਣੀ ਦਾ ਸ਼ੁਧ ਪੜ੍ਹਨਾ, ਰਾਗ ਦਾ ਸਹੀ ਗਾਇਨ ਤੇ ਪੁਰਾਤਨ ਸਾਜਾਂ ਨੂੰ ਵਰਤਣਾ ਜ਼ਰੂਰੀ ਹੈ।"

ਕੀਰਤਨ ਖੇਤਰ ਦੀਆਂ ਲਗਭਗ 62 ਵਰ੍ਹੇ ਦੀਆਂ ਸੇਵਾਵਾਂ, ਪ੍ਰਾਪਤੀਆਂ ਅਤੇ ਵਿਲੱਖਣ ਗੁਣਾਂ ਨੂੰ ਮੁੱਖ ਰਖਦਿਆਂ ਜਵੱਦੀ ਕਲਾਂ ਟਕਸਾਲ, ਲੁਧਿਆਣਾ ਦੇ ਮੋਢੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਨਵੰਬਰ, 1998 ਵਿੱਚ ਆਪ ਨੂੰ 'ਭਾਈ ਮਰਦਾਨਾ' ਪੁਰਸਕਾਰ ਦੇਂਦਿਆਂ 'ਪੰਥ ਰਤਨ' ਦੇ ਨਾਂ ਨਾਲ ਸਨਮਾਨਤ ਕੀਤਾ। ■


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 723333 SALAD BAR 723222
PKL 579888 MOH 264300



SCO 76-79,(First Floor) Sector 17-E, Chandigarh. Tel: 723222, 723111, 704858

# ਰਾਗੀ ਪ੍ਰੋਫੈਸਰ ਚਤਰ ਸਿੰਘ - ਜੀਵਨੀ

ਪ੍ਰੋ. ਜਬਰਜੰਗ ਸਿਘ
ਸੰਗੀਤ ਵਿਭਾਗ, ਮੋਦੀ ਕਾਲਜ, ਪਟਿਆਲਾ

ਚਾਲੂ ਸਦੀ ਦੇ ਦੂਜੇ ਦਹਾਕੇ ਵਿੱਚ ਜਨਮੇ ਮਹਾਨ ਕੀਰਤਨੀਏ ਪ੍ਰੋ. ਚਤਰ ਸਿੰਘ ਜੀ ਜੋ ਵੰਡੋਂ ਪਹਿਲਾਂ ਕਾਕਾ ਚਤਰ ਸਿੰਘ ਲਾਹੌਰ ਵਾਲੇ ਦੇ ਨਾਂ ਨਾਲ ਪ੍ਰਸਿੱਧ ਸਨ, ਦੇ ਨਾਂ ਤੋਂ ਨਵੀਂ ਪੀੜੀ ਦੇ ਸਰੋਤੇ ਭਾਵੇਂ ਘੱਟ ਹੀ ਜਾਣੂ ਹਨ ਪ੍ਰੰਤੂ ਦੇਸ਼ ਵਿਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿੱਚ ਵਸਦੇ ਬਜ਼ੁਰਗਾ ਸਰੋਤੇ ਜੋ ਗੁਰਬਾਣੀ ਕੀਰਤਨ ਦੇ ਰਸੀਏ ਹਨ ਆਪ ਦੇ ਨਾਂ ਤੋਂ ਬੜੀ ਚੰਗੀ ਤਰ੍ਹਾਂ ਜਾਣੂ ਹਨ ਅਤੇ ਬੜੇ ਪ੍ਰੇਮ ਨਾਲ ਆਪ ਦੁਆਰਾ ਕੀਤੇ ਜਾਂਦੇ ਰਹੇ ਰਾਗਮਈ ਅਤੇ ਰਸਭਿੰਨੇ ਕੀਰਤਨ ਦਾ ਆਨੰਦ ਮਾਣਦੇ ਰਹੇ ਹਨ।

ਆਪ ਬਚਪਨ ਤੋਂ ਹੀ ਬਹੁਤ ਮਿੱਠਾ ਅਤੇ ਸੁਰੀਲਾ ਗਾਉਂਦੇ ਸਨ ਜਿਸ ਕਾਰਨ ਆਪ ਦੇ ਪਿਤਾ ਸ੍ਰ. ਮੰਗਲ ਸਿੰਘ ਅਤੇ ਚਾਚਾ ਕ੍ਰਿਸ਼ਨ ਸਿੰਘ ਜੀ ਨੇ ਆਪ ਨੂੰ ਕੀਰਤਨ ਦੀ ਸਿੱਖਿਆ ਦੇਣੀ ਆਰੰਭ ਕੀਤੀ। ਘਰ ਵਿੱਚ ਗੁਰਬਾਣੀ ਸੰਗੀਤ ਦਾ ਪ੍ਰਵਾਹ ਹੋਣ ਕਾਰਨ ਆਪ ਨੂੰ ਬਚਪਨ ਵਿੱਚ ਹੀ ਤੰਤੀ ਸਾਜ਼ ਵਜਾਉਣ ਦੀ ਮੁਹਾਰਤ ਹੋ ਗਈ। ਆਪ ਦੇ ਚਾਚਾ ਸ੍ਰ. ਕ੍ਰਿਸ਼ਨ ਸਿੰਘ ਜੀ ਬਹੁਤ ਵਿਦਵਾਨ ਸਿਤਾਰ ਵਾਦਕ ਸਨ ਇਸ ਲਈ ਆਪ ਨੇ ਉਹਨਾਂ ਪਾਸੋਂ ਸਿਤਾਰ ਵਾਦਨ ਵਿਸ਼ੇਸ਼ ਤੌਰ ਤੇ ਸਿੱਖਿਆ। ਇੱਥੇ ਇਹ ਵੀ ਵਰਨਣਯੋਗ ਹੈ ਕਿ ਮਹਾਨ ਸੰਗੀਤਾਚਾਰੀਆ ਸ੍ਵ. ਪ੍ਰੋ. ਤਾਰਾ ਸਿੰਘ ਜੀ ਨੇ ਆਪ ਦੇ ਚਾਚਾ ਸ੍ਰ. ਕ੍ਰਿਸ਼ਨ ਸਿੰਘ ਜੀ ਪਾਸੋਂ ਸਿਤਾਰ ਵਾਦਨ ਦੀ ਮੁੱਢਲੀ ਸਿੱਖਿਆ ਹਾਸਲ ਕੀਤੀ। ਆਪ ਬਚਪਨ ਵਿੱਚ ਹੀ ਆਪਣੇ ਪਿਤਾ ਨਾਲ ਕਈ ਦੀਵਾਨਾਂ ਵਿੱਚ ਸ਼ਬਦ ਪੜ੍ਹਦੇ ਤਾਂ ਸੰਗਤਾਂ ਬਹੁਤ ਪ੍ਰਭਾਵਿਤ ਹੁੰਦੀਆਂ।

ਹੌਲੀ ਹੌਲੀ ਆਪ ਨੇ ਤੰਤੀ ਸਾਜ਼ ਖੁਦ ਵਜਾ ਕੇ ਕੀਰਤਨ ਗਾਇਨ ਕਰਨਾ ਆਰੰਭ ਕੀਤਾ ਜੋ ਕਿ ਕੀਰਤਨ ਸ਼ੈਲੀ ਵਿੱਚ ਇੱਕ ਨਵਾਂ ਕਦਮ ਸੀ। 1928 ਈ. ਵਿੱਚ ਆਪਨੇ ਆਪਣੇ ਵੱਡੇ ਭਰਾਵਾਂ ਨੂੰ ਨਾਲ ਮਿਲਾ ਕੇ ਕੀਰਤਨੀ ਜੱਥਾ ਬਣਾਇਆ ਅਤੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਜਾ ਕੇ ਕੀਰਤਨ ਦਾ ਪ੍ਰਚਾਰ ਅਰੰਭਿਆ। ਆਪ ਕਈ ਪ੍ਰਕਾਰ ਦੇ ਸਾਜ਼ ਜਿਹਨਾਂ ਵਿੱਚ ਗੁਰਮਤਿ ਵਲੋਂ ਪ੍ਰਵਾਨਿਤ ਸਾਜ਼-ਰਬਾਬ, ਸਰੰਦਾ, ਦਿਲਰੁਬਾ, ਤਾਊਸ ਆਦਿ ਸ਼ਾਮਲ ਹਨ, ਖੁਦ ਵਜਾ ਕੇ ਕੀਰਤਨ ਗਾਇਨ ਕਰਦੇ। ਆਪ ਦੀ ਇਸ ਕਲਾ ਨੂੰ ਦੇਖਣ ਅਤੇ ਸੁਣਨ ਲਈ ਲੋਕ ਕਈ ਥਾਵਾਂ ਤੇ ਇਕੱਠ ਕਰਦੇ ਅਤੇ ਕੀਰਤਨ ਆਦਿ ਦਾ ਆਨੰਦ ਮਾਣਦੇ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇੱਕ ਵਾਰ ਆਪ ਆਪਣੇ ਜਥੇ ਸਮੇਤ ਪਟਿਆਲਾ ਪਹੁੰਚੇ। ਇੱਥੇ ਆਪ ਨੇ ਆਹਲੂਵਾਲੀਆਂ ਦੇ ਗੁਰਦੁਵਾਰੇ ਕੀਰਤਨ ਕੀਤਾ ਤਾਂ ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ। ਆਪ ਵਲੋਂ ਕਈ ਤਰ੍ਹਾਂ ਦੇ ਤੰਤੀ ਸਾਜ਼ ਖੁਦ ਵਜਾ ਕੇ ਕੀਤੇ ਜਾਂਦੇ ਵੈਰਾਗਮਈ ਕੀਰਤਨ ਦੀ ਸ਼ਹਿਰ ਵਿੱਚ ਕਾਫੀ ਚਰਚਾ ਹੋਣ ਲੱਗੀ। ਮਹਾਰਾਜਾ ਭੁਪਿੰਦਰ ਸਿੰਘ ਦੇ ਕਈ ਅਹਿਲਕਾਰਾਂ ਨੇ ਆਪਣੇ ਘਰਾਂ ਵਿੱਚ ਵੀ ਆਪ ਪਾਸੋਂ ਕੀਰਤਨ ਕਰਵਾਇਆ। ਉਹਨਾਂ ਦਿਨਾਂ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਨੂੰ ਸੁਪਨੇ ਵਿੱਚ ਹੁਕਮ ਹੋਇਆ ਕਿ ਗੁ: ਸ੍ਰੀ ਦੂਖਨਿਵਾਰਨ ਸਾਹਿਬ ਵਾਲਾ ਸਥਾਨ ਉਜਾਗਰ ਕੀਤਾ ਜਾਵੇ ਜਿੱਥੇ ਉਸ ਸਮੇਂ ਕੇਵਲ ਕੱਚਾ ਸਰੋਵਰ ਅਤੇ ਬੋਹੜ ਦਾ ਦਰਖਤ ਸੀ। ਮਹਾਰਾਜੇ ਵਲੋਂ ਇਸ ਸਥਾਨ ਤੇ ਨਿਸ਼ਾਨ ਸਾਹਿਬ ਲਗਾਉਣ ਅਤੇ ਕੀਰਤਨ ਕਰਾਉਣ ਲਈ ਹੁਕਮ ਦਿੱਤਾ ਗਿਆ। 5 ਸਿੰਘਾਂ ਨੇ ਨਿਸ਼ਾਨ ਸਾਹਿਬ ਝੁਲਾਇਆ ਅਤੇ ਇਸ ਮੌਕੇ ਤੇ ਆਪ ਪਾਸੋਂ ਕੀਰਤਨ ਕਰਵਾਇਆ ਗਿਆ।

ਕੀਰਤਨ ਖੇਤਰ ਵਿੱਚ ਆਪ ਦੀ ਬਹੁਤੀ ਪ੍ਰਸਿੱਧੀ ਹੋ ਰਹੀ ਸੀ। ਆਪ ਅਣਵੰਡੇ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਵਿੱਚ ਕਈ ਵਾਰ ਜਾਂਦੇ ਅਤੇ ਸੰਗਤਾਂ ਨੂੰ ਕੀਰਤਨ ਸਰਵਣ ਕਰਾਉਂਦੇ। ਆਪ ਨੇ ਚਾਰ ਪੰਜ ਮਹੀਨੇ ਪਿਸ਼ਾਵਰ ਵਿਖੇ ਭਾਈ ਜੋਗਾ ਸਿੰਘ ਜੀ ਦੇ ਗੁਰਦੁਵਾਰੇ ਕੀਰਤਨ ਦੀ ਸੇਵਾ ਕੀਤੀ ਉਸ ਸਮੇਂ ਉਸ ਗੁਰਦੁਵਾਰਾ ਕਮੇਟੀ ਦੇ ਪ੍ਰਧਾਨ ਸ੍ਰ. ਜੈਮਲ ਸਿੰਘ ਬੰਬਈ ਵਾਲੇ ਸਨ ਜਿਹਨਾਂ ਨੇ ਵੰਡ ਪਿੱਛੋਂ ਬੰਬਈ ਵਿਖੇ ਵਸੇਬਾ ਕੀਤਾ ਅਤੇ ਉੱਥੇ ਭਾਈ ਜੋਗਾ ਸਿੰਘ ਦਾ ਗੁਰਦੁਵਾਰਾ ਬਣਾਇਆ। ਇੱਥੇ ਇਹ ਆਪ ਨੂੰ ਕੀਰਤਨ ਪ੍ਰਚਾਰ ਲਈ ਕਈ ਵਾਰ ਵਿਸ਼ੇਸ਼ ਤੌਰ ਤੇ ਬੁਲਾਉਂਦੇ ਰਹੇ ਹਨ। ਫਿਰ ਆਪ ਦੇਸ਼ ਦੇ ਵੱਖ ਵੱਖ ਥਾਵਾਂ ਜਿਵੇਂ ਕਿ ਕਰਾਚੀ, ਧੰਨੀ ਪੋਠੋਹਾਰ, ਕਲਕੱਤਾ, ਆਸਾਮ (ਧੋਬੜੀ ਸਾਹਿਬ) ਆਦਿ ਵਿਖੇ ਕੀਰਤਨ ਕਰਦੇ ਹੋਏ 1938 ਈ: ਵਿੱਚ ਰੰਗੂਨ ਪਹੁੰਚੇ। ਇੱਥੇ

ਆਪ ਦੇ ਵੱਡੇ ਭਰਾ ਗਿਆਨੀ ਸੁਦਾਗਰ ਸਿੰਘ ਜੀ ਜੋ ਆਪ ਨਾਲ ਤਬਲੇ ਤੇ ਸੰਗਤ ਕਰਦੇ ਸਨ। ਕਿਸੇ ਤਕਲੀਫ ਕਾਰਨ ਬਿਮਾਰ ਪੈ ਗਏ ਤਾਂ ਤਕਰੀਬਨ ਇੱਕ ਮਹੀਨਾ ਸੰਗੀਤਾਚਾਰੀਆ ਸ੍ਰ. ਪ੍ਰੋ. ਤਾਰਾ ਸਿੰਘ ਜੀ ਨੇ ਆਪ ਨਾਲ ਤਬਲੇ ਤੇ ਸੰਗਤ ਕੀਤੀ।

ਆਸਾ ਜੀ ਦੀ ਵਾਰ ਦਾ ਕੀਰਤਨ ਆਪ ਬੜੀ ਰਵਾਨਗੀ ਨਾਲ ਲੋਕ ਧੁਨਾਂ ਤੇ ਗਾਇਨ ਕਰਦੇ ਸਨ। ਨਿਰਧਾਰਤ 'ਟੁੰਡੇ ਅਸਰਾਜੇ ਦੀ ਧੁਨੀ' ਆਪ ਵਿਸ਼ੇਸ਼ ਮੁਹਾਰਤ ਨਾਲ ਗਾਇਨ ਕਰਦੇ ਸਨ। ਨਿਰਧਾਰਤ ਰਾਗਾਂ ਵਿੱਚ ਆਪਣੀਆਂ ਕਈ ਸ਼ਬਦ ਧੁਨੀਆਂ ਵਿਸ਼ੇਸ਼ ਤੌਰ ਤੇ ਸਰਵਣ ਕੀਤੀਆਂ ਜਾਂਦੀਆਂ ਸਨ। ਸੋਰਠਿ ਰਾਗ ਵਿੱਚ 'ਭਿੰਨੀ ਰੈਨੜੀਏ ਚਮਕਨ ਤਾਰੇ' 'ਅਨਮੜਿਆ ਮੰਦਲ ਬਾਜੇ', ਮਲ੍ਹਾਰ ਰਾਗ ਵਿੱਚ 'ਮੋ ਕਉ ਤੂ ਨਾ ਬਿਸਾਰ ਰਾਮਈਆ', ਜੈ ਜਾਵੰਤੀ ਰਾਗ ਵਿੱਚ 'ਬੀਤ ਜੈ ਹੈ ਬੀਤ ਜੈ ਹੈ ਜਨਮ ਅਕਾਜ ਰੇ' ਅਤੇ ਦੇਵਗੰਧਾਰੀ ਵਿੱਚ 'ਜੇ ਤੂੰ ਮਿਤਰ ਅਸਾਡੜਾ' ਆਪ ਦੀਆਂ ਪ੍ਰਸਿੱਧ ਸ਼ਬਦ ਧੁਨੀਆਂ ਹਨ। ਆਪ ਦੀਆਂ ਕਈ ਸ਼ਬਦ ਧੁਨੀਆਂ ਬਹੁਤ ਲੋਕ ਪ੍ਰਿਯਾ ਹੋਈਆਂ। 'ਸਾਵਣ ਸਰਸ ਮਨਾ ਘਣ ਵਰਸੈ ਰੁਤ ਆਏ, 'ਜਿਸਦਾ ਸਾਹਿਬ ਡਾਢਾ ਹੋਇ', 'ਰਾਮ ਰਾਮ ਬੋਲ ਰਾਮ ਰਾਮ', 'ਕੋਈ ਬੋਲੈ ਰਾਮ ਰਾਮ', 'ਰਸਨਾ ਗੁਨ ਗੁਪਾਲ ਨਿਧ ਗਾਇਨ', 'ਗਈ ਬਹੁੜ ਬੰਦੀ ਛੋੜ' ਆਦਿ ਸ਼ਬਦ ਆਪ ਪਾਸੋਂ ਸੰਗਤ ਵਲੋਂ ਵਿਸ਼ੇਸ਼ ਤੌਰ ਤੇ ਸਰਵਣ ਕੀਤੇ ਜਾਂਦੇ ਰਹੇ ਹਨ।

1939-40 ਵਿੱਚ ਆਪ ਬੰਬਈ ਵਿਖੇ ਕੀਰਤਨ ਕਰਨ ਲਈ ਗਏ। ਇੱਥੇ ਬੋਰੀ ਬੰਦਰ ਦੇ ਗੁਰਦੁਆਰੇ ਵਿੱਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਆਪ ਪਾਸੋਂ ਤੰਤੀ ਸਾਜਾਂ ਨਾਲ ਕੀਤਾ ਕੀਰਤਨ ਸਰਵਣ ਕੀਤਾ ਤਾਂ ਬੜਾ ਪ੍ਰਸੰਨ ਹੋਇਆ। ਉਹਨਾਂ ਨੂੰ ਕਿਹਾ ਕਿ ਜਦੋਂ ਫੇਰ ਪਟਿਆਲੇ ਆਓ ਤਾਂ ਸਾਨੂੰ ਜ਼ਰੂਰ ਕੀਰਤਨ ਸਰਵਣ ਕਰਾਉਣਾ।

1946-47 ਤੋਂ ਬਾਅਦ ਇੱਥੇ ਇਹ ਵੀ ਵਰਣਨ ਯੋਗ ਹੈ ਕਿ ਆਜ਼ਾਦੀ ਤੋਂ ਪਿੱਛੋਂ ਆਪ ਪਟਿਆਲਾ ਵਿਖੇ ਹੀ ਵੱਸ ਗਏ। ਆਪ ਨੇ ਸ਼ਾਹੀ ਸਮਾਧਾਂ ਪਟਿਆਲਾ ਵਿਖੇ ਕੁਝ ਸਮੇਂ ਲਈ ਕੀਰਤਨ ਕੀਤਾ ਅਤੇ ਇਸ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਆਪਣੀ ਲੜਕੀ ਦੇ ਆਨੰਦ ਕਾਰਜ ਲਈ ਆਪ ਨੂੰ ਬੁੱਕ ਕੀਤਾ ਜੋ ਕਿ ਆਪ ਨੇ ਸਫਲਤਾ ਪੂਰਵਕ ਨਿਭਾਇਆ। 1946-47 ਵਿੱਚ ਲਾਹੌਰ ਰੇਡਿਓ ਤੋਂ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ 'ਗੁਰਬਾਣੀ ਵੀਚਾਰ' ਵਿੱਚ ਆਪ ਦੁਆਰਾ ਗਾਇਨ ਕੀਤੇ ਸ਼ਬਦ 'ਕੋਈ ਬੋਲੈ ਰਾਮ ਰਾਮ' ਦਾ ਪ੍ਰਸਾਰਨ ਕੀਤਾ ਗਿਆ ਤਾਂ ਇਹ ਧੁਨ ਸਰੋਤਿਆਂ ਵਲੋਂ ਬਹੁਤ ਸਲਾਹੀ ਗਈ। ਕਈ ਸਥਾਨਾਂ ਤੇ ਆਪ ਪਾਸੋਂ ਇਹ ਧੁਨ ਵਿਸ਼ੇਸ਼ ਤੌਰ ਤੇ ਸਰਵਣ ਕੀਤੀ ਜਾਂਦੀ ਰਹੀ।

ਵੰਡ ਸਮੇਂ ਆਪ ਆਪਣੇ ਜਥੇ ਅਤੇ ਪਰਿਵਾਰ ਸਮੇਤ ਪਟਿਆਲਾ ਪਹੁੰਚੇ ਇੱਥੇ ਆਪ ਨੇ ਪਹਿਲਾਂ ਰਿਫਿਊਜੀ ਕੈਂਪ ਵਿੱਚ ਵਸੇਬਾ ਕੀਤਾ ਬਾਅਦ ਵਿੱਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਕੀਰਤਨ ਲਈ ਆਪ ਦੀ ਡਿਊਟੀ ਕਿਲਾ ਮੁਬਾਰਕ ਵਿੱਚ ਲਾਈ ਅਤੇ ਆਪ ਨੂੰ ਢੱਕ ਬਜਾਰ ਵਿਖੇ ਰਿਹਾਇਸ਼ੀ ਮਕਾਨ ਦਿੱਤੇ। ਉਸ ਸਮੇਂ ਕਿਲੇ ਵਿੱਚ ਆਮ ਜਨਤਾ ਨੂੰ ਜਾਣ ਦਾ ਹੁਕਮ ਨਹੀਂ ਸੀ। ਇਸ ਲਈ ਸੰਗਤਾਂ ਵਲੋਂ ਆਪ ਦਾ ਕੀਰਤਨ ਸਰਵਣ ਕਰਨ ਲਈ ਮਹਾਰਾਜੇ ਪਾਸ ਬੇਨਤੀ ਕੀਤੀ ਗਈ ਤਾਂ ਮਹਾਰਾਜੇ ਵਲੋਂ ਆਪ ਨੂੰ ਸ਼ਾਹੀ ਸਮਾਧਾਂ ਵਿਖੇ ਕੀਰਤਨ ਦੀ ਸੇਵਾ ਕਰਨ ਲਈ ਹੁਕਮ ਦਿੱਤਾ ਗਿਆ। ਇੱਥੇ ਆਪ ਨੇ ਲੱਗਭਗ ਛੇ ਮਹੀਨੇ ਕੀਰਤਨ ਦੀ ਸੇਵਾ ਕੀਤੀ। ਇਸ ਤੋਂ ਆਪ ਨੇ ਬਾਅਦ ਮੁੜ ਦੇਸ਼ ਦੇ ਵੱਖ, ਵੱਖ ਥਾਵਾਂ ਤੇ ਜਾ ਕੇ ਕੀਰਤਨ ਪ੍ਰੋਗਰਾਮ ਕੀਤੇ। ਬਹੁਤ ਸਾਰੇ ਸ਼ਹਿਰਾਂ ਦੀਆਂ ਸੰਗਤਾਂ ਆਪ ਨੂੰ ਗੁਰਪੁਰਬਾਂ ਤੇ ਕੀਰਤਨ ਦੀ ਸੇਵਾ ਲਈ ਵਿਸ਼ੇਸ਼ ਤੌਰ ਤੇ ਸੱਦਾ ਦੇਂਦੀਆਂ ਰਹੀਆਂ ਹਨ। ਆਪ ਨੂੰ ਵੱਖ-ਵੱਖ ਸ਼ਹਿਰਾਂ ਦੀ ਗੁਰਦੁਆਰਾ ਕਮੇਟੀਆਂ ਵਲੋਂ ਕਈ ਵਾਰ ਪ੍ਰਮਾਣ ਪੱਤਰ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। 1967-68 ਵਿੱਚ ਆਪ ਦੇ ਵੱਡੇ ਭਰਾ ਗਿ: ਸੁਦਾਗਰ ਸਿੰਘ ਦੇ ਅਕਾਲ ਚਲਾਨੇ ਪਿੱਛੋਂ ਲੇਖਕ (ਜਬਰਜੰਗ ਸਿੰਘ ਜੋ ਕਿ ਅੱਜ ਕੱਲ੍ਹ ਮੋਦੀ ਕਾਲਜ ਪਟਿਆਲਾ ਵਿਖੇ ਸੰਗੀਤ ਦੇ ਪ੍ਰੋਫੈਸਰ ਹਨ) ਆਪ ਨਾਲ ਤਬਲੇ ਤੇ ਸੰਗਤ ਕਰਦਾ ਰਿਹਾ ਹੈ। ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੰਗਤਾਂ ਲਗਭਗ 40 ਦਿਨ ਆਪ ਪਾਸੋਂ ਪੁਰਾਤਨ ਤੰਤੀ ਸਾਜਾਂ ਸਰੰਦਾ, ਦਿਲਰੁਬਾ, ਸਿਤਾਰ, ਵਾਇਲਨ ਆਦਿ ਨਾਲ ਰਾਗਮਈ ਕੀਰਤਨ ਦਾ ਆਨੰਦ ਮਾਣਦੀਆਂ ਰਹੀਆਂ ਹਨ। 1983 ਵਿੱਚ ਆਪ ਯੂ. ਕੇ. ਗਏ। ਇਸ ਸਮੇਂ ਆਪ ਦੇ ਦੂਜੇ ਭਰਾ ਗਿਆਨੀ ਰਤਨ ਸਿੰਘ ਜੀ ਵੀ ਅਕਾਲ ਚਲਾਣਾ ਕਰ ਚੁੱਕੇ ਸਨ। ਇੱਥੇ ਆਪ ਨੇ ਆਪਣੇ ਵੱਡੇ ਭਰਾ ਗਿਆਨੀ ਮਨਸ਼ਾ ਸਿੰਘ ਜੀ ਅਤੇ ਸਪੁੱਤਰ ਸ੍ਰ. ਜਬਰਜੰਗ ਸਿੰਘ ਨੂੰ ਨਾਲ ਲੈ ਕੇ ਕਈ

ਥਾਵਾਂ ਤੇ ਕੀਰਤਨ ਕੀਤਾ। 1984 ਵਿੱਚ ਆ ਯੂ. ਕੇ. ਤੋਂ ਵਾਪਸ ਆ ਗਏ। 1928 ਤੋ. 1992 ਤੱਕ ਲਗਭਗ 62 ਸਾਲ ਆਪ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰਦੇ ਰਹੇ ਹਨ।

ਕੀਰਤਨ ਖੇਤਰ ਦੀਆਂ ਲਗਭਗ 62 ਵਰ੍ਹੇ ਦੀਆਂ ਸੇਵਾਵਾਂ, ਪ੍ਰਾਪਤੀਆਂ ਅਤੇ ਵਿਲੱਖਣ ਗੁਣਾਂ ਨੂੰ ਮੁੱਖ ਰੱਖਦਿਆਂ ਜਵੱਦੀ ਕਲਾਂ ਟਕਸਾਲ, ਲੁਧਿਆਣਾ ਦੇ ਮੋਢੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਨਵੰਬਰ, 1998 ਵਿੱਚ ਆਪ ਨੂੰ 'ਭਾਈ ਮਰਦਾਨਾ' ਪੁਰਸਕਾਰ ਦੇਂਦਿਆਂ, 'ਪੰਥ ਰਤਨ' ਦੇ ਨਾਂ ਨਾਲ ਸਨਮਾਨਤ ਕੀਤਾ ਜੋ ਕਿ ਕੀਰਤਨ ਖੇਤਰ ਵਿੱਚ ਆਪ ਦੇ ਨਿਭਾਅ ਪ੍ਰਤੀ ਸ੍ਰ. ਸਤਬੀਰ ਸਿੰਘ (ਪੰਜਾਬੀ ਟ੍ਰਿਬਿਊਨ) ਜੀ ਦੇ ਉਦਮ ਤੇ ਸਹਿਯੋਗ ਸਦਕਾ ਬਿਲਕੁਲ ਢੁੱਕਵਾਂ ਉਪਰਾਲਾ ਸੀ। ਆਪਣੀ ਸੰਸਾਰਕ ਯਾਤਰਾ ਸੰਪੂਰਣ ਕਰਦੇ ਹੋਏ ਆਪ ਜੀ 23 ਅਪ੍ਰੈਲ 1999 ਨੂੰ ਅਕਾਲ ਚਲਾਣਾ ਕਰ ਗਏ। ■


**ਹਿੰਦੁਸਤਾਨੀ ਸੰਗੀਤ ਪਦੱਤੀ**

ਕ੍ਰਮਿਕ ਪੁਸਤਕ-ਮਾਲਿਕਾ

(ਪਹਿਲੀ ਪੁਸਤਕ)

ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**

1246/I, ਸੈਕਟਰ 22-ਬੀ, ਚੰਡੀਗੜ੍ਹ 160 022

ਫੋਨ : 0172-701396, 713915

**e-mail:** drjagirsingh@rediffmail.com

Phone : (O) 3312440
Resi. : 5721753

*Sawhney Cloth House*

46, Shanker Market, Connaught Circus, New Delhi - 110 001

Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA

**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

# ਪ੍ਰੋ. ਚਤਰ ਸਿੰਘ ਰਾਗੀ : ਕਾਕਾ ਲਾਹੌਰ ਵਾਲੇ

**ਡਾ. ਜਸਬੀਰ ਕੌਰ**
ਲੈਕਚਰਾਰ, ਪੰਜਾਬੀ ਭਾਸ਼ਾ ਵਿਉਂਤ ਤੇ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕੀਰਤਨ ਦੀ ਮਹਾਨਤਾ ਦੱਸਦਿਆਂ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

*ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ॥*
*ਤਿਸ ਜਨ ਦੂਖ ਨਿਕਟਿ ਨਹੀ ਆਵੈ॥*

ਗੁਰੂ ਸਾਹਿਬਾਨ ਨੇ ਜਨਮ-ਮਰਨ ਦੇ ਗੇੜ ਵਿੱਚੋਂ ਮੁਕਤ ਹੋਣ ਦਾ ਢੰਗ ਵੀ ਕੀਰਤਨ ਹੀ ਦੱਸਿਆ ਹੈ:

*ਹਰਿ ਦਿਨੁ ਰੈਣ ਕੀਰਤਨ ਗਾਈਐ॥*
*ਬਹੁੜਿ ਨ ਜੋਨੀ ਪਾਈਐ॥*

ਐਸਾ ਨਿਰਮੋਲਕ ਕੀਰਤਨ ਕਰਨ ਵਾਲੇ ਹੀ ਸਨ, ਪ੍ਰੋ. ਚਤਰ ਸਿੰਘ ਜੀ ਕਾਕਾ ਲਾਹੌਰ ਵਾਲੇ। ਆਪ ਦਾ ਹਿਰਦਾ ਬੜਾ ਕੋਮਲ ਤੇ ਗਲਾ ਬੜਾ ਸੁਰੀਲਾ ਸੀ। ਆਪ ਦਾ ਸੁਭਾਅ ਮਿਲਾਪੜਾ ਤੇ ਸਹਿਨਸ਼ੀਲਤਾ ਵਾਲਾ ਸੀ। ਉਹ ਨਾ ਕਦੇ ਕੌੜੇ ਬਚਨ ਬੋਲਦੇ ਸਨ ਅਤੇ ਨਾ ਹੀ ਕਦੇ ਕਿਸੇ ਨੂੰ ਮੱਥੇ ਵੱਟ ਪਾਉਂਦੇ ਸਨ, ਸਗੋਂ ਹਰ ਇੱਕ ਨੂੰ ਬੜੇ ਪਿਆਰ ਨਾਲ ਮਿਲਦੇ ਅਤੇ ਹਮੇਸ਼ਾਂ ਹੀ ਆਪਣੇ ਸੁਰ ਅਭਿਆਸ ਵਿੱਚ ਅਤੇ ਨਾਮ ਬਾਣੀ ਵਿੱਚ ਲੀਨ ਰਹਿੰਦੇ ਸਨ। ਸੁਰ ਗਿਆਨ, ਸ਼ਬਦ ਦੀ ਇਲਾਹੀ ਬਖਸ਼ਿਸ਼ ਅਤੇ ਖੁਦ ਤੰਤੀ ਸਾਜ਼ ਵਜਾ ਕੇ ਕੀਰਤਨ ਕਰਨ ਹਿਤ ਡੇਹਰਾ ਸਾਹਿਬ ਟਕਸਾਲ ਨੇ ਅਤੇ ਆਪ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਭਾਰਤ ਵਿੱਚ ਚੋਖਾ ਨਾਮਣਾ ਖੱਟਿਆ।

ਪ੍ਰੋ. ਚਤਰ ਸਿੰਘ ਜੀ ਦਾ ਜਨਮ 1909 ਵਿੱਚ ਗਵਾਲ ਮੰਡੀ ਲਾਹੌਰ (ਪਾਕਿਸਤਾਨ) ਵਿੱਚ ਪਿਤਾ ਸ. ਮੰਗਲ ਸਿੰਘ ਦੇ ਘਰ ਮਾਤਾ ਬਸੰਤ ਕੌਰ ਜੀ ਦੀ ਕੁੱਖੋਂ ਹੋਇਆ। ਪ੍ਰੋ. ਚਤਰ ਸਿੰਘ ਜੀ ਆਪਣੇ ਦਾਦਾ ਲਾਹੌਰ ਸਿੰਘ ਜੀ ਦੀ ਗੋਦੀ ਵਿੱਚ ਗੁਰਬਾਣੀ ਸੁਣਦਿਆਂ ਤੇ ਪੜ੍ਹਦਿਆਂ ਵੱਡੇ ਹੋਏ। ਗੁਰਮਤਿ ਸੰਗੀਤ ਦੀ ਵਿੱਦਿਆ ਪ੍ਰੋ. ਚਤਰ ਸਿੰਘ ਜੀ ਨੂੰ ਵਿਰਸੇ ਵਿੱਚ ਮਿਲੀ ਕਿਉਂਕਿ ਇਨ੍ਹਾਂ ਦੇ ਦਾਦੇ ਪੜਦਾਦੇ ਇੱਕ ਗੁਰਮਤਿ ਸੰਗੀਤ ਘਰਾਣੇ ਨਾਲ ਸੰਬੰਧਿਤ ਸਨ ਜਿੱਥੇ ਹਰਿ ਸਮੇਂ ਗੁਰਮਤਿ ਸੰਗੀਤ ਦੀ ਸਿਖਲਾਈ ਤੰਤੀ ਸਾਜਾਂ ਨਾਲ ਦਿੱਤੀ ਜਾਂਦੀ ਸੀ। ਗੁਰਮਤਿ ਸੰਗੀਤ ਅਤੇ ਤੰਤੀ ਸਾਜਾਂ ਦੀ ਸਿੱਖਿਆ ਪ੍ਰੋ. ਸਾਹਿਬ ਨੇ ਆਪਣੇ ਪਿਤਾ ਮੰਗਲ ਸਿੰਘ ਅਤੇ ਚਾਚਾ ਕ੍ਰਿਸ਼ਨ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ ਜੋ ਉਸ ਵੇਲੇ ਦੇ ਪ੍ਰਸਿੱਧ ਕੀਰਤਨੀਏ ਸਨ। ਇਨ੍ਹਾਂ ਦੇ ਨਗੜ ਦਾਦਾ ਜਥੇਦਾਰ ਗੜਗਜ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਕੀਰਤਨ ਕਰਦੇ ਸਨ ਸਾਰੇ ਤੰਤੀ ਸਾਜ ਵਜਾਉਣ ਦੇ ਮਾਹਿਰ ਸਨ। ਘਰ ਵਿੱਚ ਗੁਰਬਾਣੀ ਕੀਰਤਨ ਦਾ ਪਰਵਾਹ ਹੋਣ ਕਾਰਨ ਆਪ ਨੂੰ ਬਚਪਨ ਵਿੱਚ ਹੀ ਕਈ ਤੰਤੀ ਸਾਜ ਵਜਾਉਣ ਦੀ ਮੁਹਾਰਤ ਹੋ ਗਈ। ਆਪ ਦੇ ਚਾਚਾ ਕ੍ਰਿਸ਼ਨ ਸਿੰਘ ਜੀ ਬਹੁਤ ਵਿਦਵਾਨ ਸਿਤਾਰ ਵਾਦਕ ਸਨ ਉਹਨਾਂ ਕੋਲੋਂ ਆਪ ਨੇ ਸਿਤਾਰ ਵਾਦਨ ਵਿਸ਼ੇਸ਼ ਤੌਰ ਤੇ ਸਿੱਖਿਆ। ਪ੍ਰੋ. ਤਾਰਾ ਸਿੰਘ ਜੀ ਨੇ ਵੀ ਡੇਹਰਾ ਸਾਹਿਬ ਟਕਸਾਲ ਵਿੱਚ ਰਹਿ ਕੇ ਸ. ਕ੍ਰਿਸ਼ਨ ਸਿੰਘ ਜੀ ਪਾਸੋਂ ਸਿਤਾਰ ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ। ਪ੍ਰੋ. ਚਤਰ ਸਿੰਘ ਜੀ ਨੇ ਬਚਪਨ ਵਿੱਚ ਹੀ ਆਪਣੇ ਪਿਤਾ ਨਾਲ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਉਹ ਵੱਡੇ-ਵੱਡੇ ਦੀਵਾਨਾਂ ਵਿੱਚ ਆਪਣੇ ਪਿਤਾ ਨਾਲ ਕੀਰਤਨ ਗਾਇਨ ਕਰਦੇ ਜਿਸ ਤੋਂ ਸੰਗਤਾਂ ਬੜੀਆਂ ਪ੍ਰਭਾਵਿਤ ਹੁੰਦੀਆਂ ਸਨ। ਇਹਨਾਂ ਨੇ ਟਕਸਾਲ ਵਿੱਚ ਹੀ ਰਹਿ ਕੇ ਜੋ ਡੇਹਰਾ ਸਾਹਿਬ ਲਾਹੌਰ ਵਿਖੇ ਸੀ, ਤੰਤੀ ਸਾਜਾਂ ਦੀ ਸਿੱਖਿਆ ਪ੍ਰਾਪਤ ਕਰਕੇ ਤੇ ਹੌਲੀ ਹੌਲੀ ਤੰਤੀ ਸਾਜ ਖੁਦ ਵਜਾ ਕੇ ਸਟੇਜਾਂ ਤੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਜੋ ਕਿ ਗੁਰਮਤਿ ਸੰਗੀਤ ਪ੍ਰਣਾਲੀ ਵਿੱਚ ਇੱਕ ਨਵਾਂ ਮੋੜ ਸੀ। 1928 ਵਿੱਚ ਆਪ ਨੇ ਆਪਣੇ ਵੱਡੇ ਭਰਾ ਨਾਲ ਮਿਲ ਕੇ ਕੀਰਤਨੀ ਜੱਥਾ ਬਣਾ ਲਿਆ ਜਿਸ ਵਿੱਚ ਭਾਈ ਮਨਸਾ ਸਿੰਘ ਜੀ ਸਿਰੰਦੇ ਤੇ ਭਾਈ ਸੁਦਾਗਰ ਸਿੰਘ ਜੀ ਤਬਲੇ ਤੇ, ਭਾਈ ਰਤਨ ਸਿੰਘ ਜੀ ਸਿਤਾਰ ਤੇ ਆਪ ਪ੍ਰੋ. ਸਾਹਿਬ ਦਿਲਰੁਬਾ ਵਜਾ ਕੇ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਹੋਈ ਗੁਰਮਤਿ ਸੰਗੀਤ ਪ੍ਰਣਾਲੀ ਅਨੁਸਾਰ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਦੇ ਸਨ। ਇੱਥੇ ਇਹ ਵਰਨਣਯੋਗ ਹੈ ਕਿ ਇਨ੍ਹਾਂ ਤੋਂ ਪਹਿਲਾਂ ਇਸ ਘਰਾਣੇ ਵਿੱਚ ਇਹਨਾਂ ਦੇ ਪੜਦਾਦਾ

ਬਾਬਾ ਨੰਦ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਵੇਲੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਵੀ ਗੁਰਮਤਿ ਸੰਗੀਤ ਦੇ ਪ੍ਰੇਮੀ ਸਨ। ਕਹਿੰਦੇ ਹਨ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਕਾਫਲਾ ਦੂਰ-ਦੁਰਾਡੇ ਇੱਕ ਤੋਂ ਦੂਸਰੀ ਜਗ੍ਹਾਂ ਤੇ ਜਾਂਦਾ ਸੀ ਤਾਂ ਬਾਬਾ ਨੰਦ ਸਿੰਘ ਦਾ ਕੀਰਤਨੀ ਜੱਥਾ ਜਿਸ ਵਿੱਚ ਭਾਈ ਲਾਹੌਰਾ ਸਿੰਘ ਤਾਊਸ ਤੇ ਭਾਈ ਸੁਰ ਸਿੰਘ ਜੀ ਤਬਲਾ ਅਤੇ ਭਾਈ ਮੰਗਲ ਸਿੰਘ ਜੀ ਸਿਰੰਦਾ ਵਜਾ ਕੇ ਕੀਰਤਨ ਕਰਦੇ ਸਨ। ਇਸ ਤੋਂ ਸਾਫ ਜ਼ਾਹਿਰ ਹੈ ਕਿ ਪ੍ਰੋ. ਸਾਹਿਬ ਨੂੰ ਇਹ ਦਾਤ ਵਿਰਸੇ ਵਿੱਚੋਂ ਮਿਲੀ।

ਕੀਰਤਨ ਖੇਤਰ ਵਿੱਚ ਪ੍ਰੋ. ਸਾਹਿਬ ਦੀ ਬਹੁਤ ਪ੍ਰਸਿੱਧੀ ਹੋ ਰਹੀ ਸੀ। ਆਸਾ ਜੀ ਦੀ ਵਾਰ ਦਾ ਕੀਰਤਨ ਆਪ ਬੜੀ ਰਵਾਨਗੀ ਨਾਲ ਲੋਕ ਧੁਨਾਂ ਤੇ ਗਾਇਨ ਕਰਦੇ ਸਨ। ਨਿਰਧਾਰਤ ਧੁਨ 'ਟੁੰਡੇ ਅਸਰਾਜੇ ਦੀ ਧੁਨੀ' ਆਪ ਵਿਸ਼ੇਸ਼ ਮੁਹਾਰਤ ਨਾਲ ਗਾਇਨ ਕਰਦੇ ਸਨ। ਨਿਰਧਾਰਤ ਰਾਗਾਂ ਵਿੱਚ ਆਪਦੀਆਂ ਕਈ ਸ਼ਬਦ ਧੁਨੀਆਂ ਵਿਸ਼ੇਸ਼ ਤੌਰ ਤੇ ਸਰਵਣ ਕੀਤੀਆਂ ਜਾਂਦੀਆਂ ਹਨ। ਸੋਰਠਿ ਰਾਗ ਵਿੱਚ "*ਭਿੰਨੀ ਰੈਨੜੀਐ ਚਮਕਨ ਤਾਰੇ ਅਨਮੜਿਆ ਮੰਦਲ ਬਾਜੇ*", ਮਲਾਰ ਰਾਗ ਵਿੱਚ "*ਮੌਕਉ ਤੂ ਨਾ ਬਿਸਾਰ ਰਾਮਈਆ*", ਜੈਜਾਵੰਤੀ ਰਾਗ ਵਿੱਚ "*ਬੀਤ ਜੈ ਹੈ ਬੀਤ ਜੈ ਹੈ ਜਨਮ ਅਕਾਜ ਰੇ*", ਦੇਵਗੰਧਾਰੀ ਵਿੱਚ "*ਜੇ ਤੂੰ ਮਿਤਰ ਅਸਾਡੜਾ*" ਆਪ ਦੇ ਪ੍ਰਸਿੱਧ ਗਾਇਨ ਕੀਤੇ ਹੋਏ ਸ਼ਬਦ ਹਨ। ਆਪ ਦੀਆਂ ਕਈ ਸ਼ਬਦ ਧੁਨੀਆਂ ਬਹੁਤ ਲੋਕ ਪ੍ਰਿਯ ਹੋਈਆਂ "*ਸਾਵਣ ਸਰਸ ਮਨਾ ਘਣੁ ਬਰਸੇ ਰੁਤ ਆਏ, ਜਿਸ ਦਾ ਸਾਹਿਬ ਡਾਢਾ ਹੋਇ, ਰਾਮ ਰਾਮ ਬੋਲ ਰਾਮ ਰਾਮ, ਕੋਈ ਬੋਲੇ ਰਾਮ ਰਾਮ, ਰਸਨਾ ਗੁਨ ਗੋਪਾਲ ਨਿਧ ਗਾਇਨ, ਗਈ ਬਹੁੜ ਬੰਦੀ ਛੋੜ*" ਆਦਿ ਸ਼ਬਦ ਆਪ ਪਾਸੋਂ ਸੰਗਤ ਵਲੋਂ ਵਿਸ਼ੇਸ਼ ਤੌਰ ਤੇ ਸਰਵਣ ਕੀਤੇ ਜਾਂਦੇ ਰਹੇ ਹਨ।

1947 ਤੋਂ ਪਹਿਲੋਂ ਆਪ ਆਪਣੇ ਜਥੇ ਸਮੇਤ ਪਟਿਆਲੇ ਆਏ। ਇੱਥੇ ਆਪ ਨੇ ਆਹਲੂਵਾਲੀਆਂ ਦੇ ਗੁਰਦਵਾਰੇ ਕੀਰਤਨ ਕੀਤਾ ਤਾਂ ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ। ਪ੍ਰੋ. ਸਾਹਿਬ ਵਲੋਂ ਕਈ ਤਰ੍ਹਾਂ ਦੇ ਤੰਤੀ ਸਾਜ਼ ਖੁਦ ਵਜਾ ਕੇ ਕੀਤੇ ਜਾਂਦੇ ਵੈਰਾਗਮਈ ਕੀਰਤਨ ਦੀ ਸ਼ਹਿਰ ਵਿੱਚ ਕਾਫੀ ਚਰਚਾ ਹੋਣ ਲੱਗੀ। ਮਹਾਰਾਜਾ ਭੁਪਿੰਦਰ ਸਿੰਘ ਨੂੰ ਸੁਪਨੇ ਵਿੱਚ ਹੁਕਮ ਹੋਇਆ ਕਿ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ ਸਥਾਨ ਉਜਾਗਰ ਕੀਤਾ ਜਾਵੇ ਜਿੱਥੇ ਉਸ ਵੇਲੇ ਕੱਚਾ ਸਰੋਵਰ ਅਤੇ ਬੋਹੜ ਦਾ ਦਰਖੱਤ ਸੀ। ਮਹਾਰਾਜੇ ਵਲੋਂ ਇਸ ਸਥਾਨ ਤੇ ਨਿਸ਼ਾਨ ਸਾਹਿਬ ਲਗਾਉਣ ਅਤੇ ਕੀਰਤਨ ਕਰਾਉਣ ਲਈ ਹੁਕਮ ਦਿੱਤਾ ਗਿਆ। ਪੰਜਾਂ ਸਿੰਘਾਂ ਨੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਕੀਤੀ ਅਤੇ ਇਸ ਮੌਕੇ ਤੇ ਵੀ ਪ੍ਰੋ. ਚਤਰ ਸਿੰਘ ਜੀ ਨੇ ਨਿਰਧਾਰਿਤ ਰਾਗਾਂ ਵਿੱਚ ਸ਼ਬਦਾਂ ਦਾ ਗਾਇਨ ਕੀਤਾ। ਇਸੇ ਤਰ੍ਹਾਂ ਹੀ 1939 ਵਿੱਚ ਆਪ ਬੰਬਈ ਵਿਖੇ ਕੀਰਤਨ ਕਰਨ ਲਈ ਗਏ। ਜਿੱਥੇ ਬੋਧੀ ਬੰਦਰ ਗੁਰਦੁਆਰੇ ਵਿੱਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਆਪ ਪਾਸੋਂ ਤੰਤੀ ਸਾਜਾਂ ਨਾਲ ਕੀਤਾ ਕੀਰਤਨ ਸਰਵਣ ਕੀਤਾ ਤਾਂ ਬੜਾ ਪ੍ਰਸੰਨ ਹੋਇਆ। ਉਹਨਾਂ ਨੇ ਆਪ ਨੂੰ ਪਟਿਆਲੇ ਆ ਕੇ ਰਾਜ ਦਰਬਾਰ ਵਿੱਚ ਕੀਰਤਨ ਕਰਨ ਲਈ ਸੱਦਾ ਦਿੱਤਾ। 1947 ਤੋਂ ਬਾਅਦ ਜਦੋਂ ਆ ਕੇ ਆਪ ਪਟਿਆਲੇ ਵੱਸ ਗਏ ਤਾਂ ਮਹਾਰਾਜਾ ਯਾਦਵਿੰਦਰ ਸਿੰਘ ਨੇ ਕੀਰਤਨ ਲਈ ਆਪ ਦੀ ਡਿਊਟੀ ਕਿਲਾ ਮੁਬਾਰਕ ਵਿੱਚ ਲਾਈ ਅਤੇ ਆਪ ਨੂੰ ਢੱਕ ਬਜ਼ਾਰ ਵਿੱਚ ਰਹਿਣ ਲਈ ਰਿਹਾਇਸ਼ੀ ਮਕਾਨ ਵੀ ਦੇ ਦਿੱਤਾ। ਉਸ ਸਮੇਂ ਕਿਲੇ ਵਿੱਚ ਆਮ ਸੰਗਤ ਨੂੰ ਜਾਣ ਦਾ ਹੁਕਮ ਨਹੀਂ ਸੀ। ਇਸ ਲਈ ਸੰਗਤਾਂ ਵਲੋਂ ਭਾਈ ਸਾਹਿਬ ਦਾ ਕੀਰਤਨ ਸੁਣਨ ਲਈ ਮਹਾਰਾਜੇ ਪਾਸ ਬੇਨਤੀ ਕੀਤੀ ਤਾਂ ਮਹਾਰਾਜੇ ਵਲੋਂ ਆਪ ਨੂੰ ਸ਼ਾਹੀ ਸਮਾਧਾਂ ਵਿਖੇ ਕੀਰਤਨ ਦੀ ਸੇਵਾ ਕਰਨ ਲਈ ਬੇਨਤੀ ਕੀਤੀ। ਇੱਥੇ ਆਪ ਨੇ ਲੱਗਭੱਗ ਛੇ ਮਹੀਨੇ ਕੀਰਤਨ ਦੀ ਸੇਵਾ ਨਿਭਾਈ। ਮਹਾਰਾਜਾ ਯਾਦਵਿੰਦਰਾ ਸਿੰਘ ਜੀ ਪ੍ਰੋ. ਸਾਹਿਬ ਦੇ ਕੀਰਤਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੀ ਲੜਕੀ ਦੇ ਅਨੰਦ ਕਾਰਜ ਲਈ ਪ੍ਰੋ. ਸਾਹਿਬ ਨੂੰ ਕੀਰਤਨ ਕਰਨ ਲਈ ਬੇਨਤੀ ਕੀਤੀ। ਆਪ ਨੇ ਰਾਗ ਸੂਹੀ ਵਿੱਚ ਚਾਰ ਲਾਵਾਂ ਦਾ ਗਾਇਨ ਕੀਤਾ ਅਤੇ ਕੀਰਤਨ ਸਰਵਣ ਕਰਾਇਆ। ਇਸ ਤੋਂ ਬਾਦ ਪ੍ਰੋ. ਸਾਹਿਬ ਨੇ ਹਿੰਦੁਸਤਾਨ ਦੇ ਵੱਖ ਵੱਖ ਥਾਵਾਂ ਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਕੀਤਾ। ਬਹੁਤ ਸਾਰੇ ਸ਼ਹਿਰਾਂ ਦੀਆਂ ਸੰਗਤਾਂ ਆਪ ਨੂੰ ਗੁਰਪੁਰਬਾਂ ਤੇ ਕੀਰਤਨ ਦੀ ਸੇਵਾ ਲਈ ਵਿਸ਼ੇਸ਼ ਤੌਰ ਤੇ ਸੱਦਾ ਦੇਂਦੀਆਂ ਸਨ।

ਜਦੋਂ ਬੰਗਾਲ ਵਿੱਚ ਕਾਲ ਪਿਆ ਤਾਂ ਪ੍ਰਸਿੱਧ ਅਦਾਕਾਰ ਅਤੇ ਨਿਰਦੇਸ਼ਕ ਪ੍ਰਿਥਵੀ ਰਾਜ ਕਪੂਰ ਕਾਲ ਪੀੜਤ ਲੋਕਾਂ ਦੀ ਸਹਾਇਤਾ ਲਈ ਕੁਮੈਡਾ (ਪਾਕਿਸਤਾਨ) ਵਿਖੇ ਆਪਣੀ ਨਾਟਕ ਕੰਪਨੀ ਲੈ ਕੇ ਪਹੁੰਚੇ। ਉਸ ਸਮੇਂ ਪ੍ਰੋ.

ਚਤਰ ਸਿੰਘ ਗੁ: ਸਿੰਘ ਸਭਾ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਸਨ। ਜਦੋਂ ਪ੍ਰਿਥਵੀ ਰਾਜ ਕਪੂਰ ਨੇ ਆਪ ਨੂੰ ਤੰਤੀ ਸਾਜ਼ ਖੁਦ ਵਜਾ ਕੇ ਕੀਰਤਨ ਕਰਦੇ ਦੇਖਿਆ ਤਾਂ ਉਸ ਨੇ ਆਪ ਨੂੰ ਆਪਣੀ ਨਾਟਕ ਮੰਡਲੀ ਵਿੱਚ ਸਾਜ ਵਜਾਉਣ ਲਈ ਕਿਹਾ ਪਰ ਆਪ ਨਾਂ ਮੰਨੇ ਤਾਂ ਉਹਨਾਂ ਨੇ ਆਪ ਜੀ ਨੂੰ ਗੁਰੂ ਘਰ ਆ ਕੇ ਬੇਨਤੀ ਕੀਤੀ। ਗੁਰਦੁਆਰਾ ਕਮੇਟੀ ਵਲੋਂ ਵੀ ਆਪ ਨੂੰ ਬੇਨਤੀ ਕੀਤੀ ਗਈ ਕਿ ਧਰਮ ਦਾ ਕਾਰਜ ਹੈ। ਤੁਸੀਂ ਜ਼ਰੂਰ ਇਸ ਵਿੱਚ ਹੱਥ ਵਟਾਉ ਤਾਂ ਆਪ ਨੇ ਕੀਤੇ ਗਏ ਨਾਟਕ ਵਿੱਚ ਸਿਤਾਰ ਤੇ ਹਾਰਮੋਨੀਅਮ ਵਜਾ ਕੇ ਸੰਗਤ ਕੀਤੀ। ਪ੍ਰਿਥਵੀ ਰਾਜ ਕਪੂਰ ਨੇ ਆਪ ਨੂੰ ਆਪਣੇ ਨਾਲ ਬੰਬਈ ਜਾਣ ਲਈ ਕਿਹਾ ਪ੍ਰੰਤੂ ਆਪ ਦੇ ਪਿਤਾ ਜੀ ਨੇ ਇਨਕਾਰ ਕਰ ਦਿੱਤਾ ਕਿਉਂਕਿ ਉਹਨਾਂ ਦਾ ਗੁਰਬਾਣੀ ਕੀਰਤਨ ਪ੍ਰਤੀ ਅਥਾਹ ਪ੍ਰੇਮ ਅਤੇ ਸ਼ਰਧਾ ਸੀ। ਉਹ ਚਾਹੁੰਦੇ ਸਨ ਕਿ ਆਪ ਗੁਰਮਤਿ ਸੰਗੀਤ ਦਾ ਪ੍ਰਚਾਰ ਹੀ ਕਰੋ।

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਆਪ ਦੀ ਬੜੀ ਪ੍ਰਸਿੱਧੀ ਸੀ। ਦੇਸ਼ ਦੇ ਪ੍ਰਸਿੱਧ ਸ਼ਹਿਰਾਂ ਵਿੱਚ ਆਪ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਭਾਈ ਸਾਹਿਬ ਨੇ ਚਾਰ-ਪੰਜ ਮਹੀਨੇ ਪਿਸ਼ਾਵਰ ਵਿਖੇ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਕੀਰਤਨ ਦੀ ਸੇਵਾ ਨਿਭਾਈ। ਉਸ ਸਮੇਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਜੈਮਲ ਸਿੰਘ ਜੀ ਬੰਬਈ ਵਾਲੇ ਸਨ। ਜਿਨ੍ਹਾਂ ਨੇ 1947 ਤੋਂ ਬਾਅਦ ਬੰਬਈ ਵਿੱਚ ਰਹਿ ਕੇ ਭਾਈ ਜੋਗਾ ਸਿੰਘ ਜੀ ਦਾ ਗੁਰਦੁਆਰਾ ਬਣਾਇਆ। ਇੱਥੇ ਪ੍ਰੋ. ਸਾਹਿਬ ਸਿੰਘ ਜੀ ਕਈ ਵਾਰ ਸੰਗਤਾਂ ਦੀ ਬੇਨਤੀ ਤੇ ਆ ਕੇ ਕੀਰਤਨ ਕਰਦੇ ਸਨ। ਆਪ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਕਰਾਚੀ, ਧਨੀ ਪੋਠੋਹਾਰ, ਕਲਕੱਤਾ, ਅਸਾਮ (ਧੋਬੜੀ ਸਾਹਿਬ) ਆਦਿ ਸਥਾਨਾਂ ਤੇ ਕੀਰਤਨ ਕਰਦੇ ਹੋਏ ਇੱਕ ਵਾਰ 1938 ਵਿੱਚ ਰੰਗੂਨ ਪਹੁੰਚੇ ਅਤੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਪ੍ਰੋ. ਚਤਰ ਸਿੰਘ ਜੀ ਨੇ ਲਾਹੌਰ ਪਾਕਿਸਤਾਨ ਰਹਿ ਕੇ ਕਾਫੀ ਦੇਰ ਸੰਗਤਾਂ ਨੂੰ ਕੀਰਤਨ ਸਰਵਣ ਕਰਾਇਆ। ਇੱਕ ਵਾਰ ਬਹੁਤ ਵੱਡੇ ਕੀਰਤਨ ਦਰਬਾਰ ਵਿੱਚ ਜਦੋਂ ਪ੍ਰੋ. ਸਾਹਿਬ ਜੀ ਦੇ ਜੱਥੇ ਨੇ ਕੀਰਤਨ ਕੀਤਾ ਤਾਂ ਉਦੋਂ ਰਿਕਾਰਡਿੰਗ ਦਾ ਇੰਨਾ ਰਿਵਾਜ ਨਹੀਂ ਸੀ। ਪਹਿਲੀ ਵਾਰ ਭਾਈ ਸਾਹਿਬ ਦੇ ਕੀਰਤਨ ਤੋਂ ਖੁਸ਼ ਹੋ ਕੇ ਰੇਡੀਓ ਸਟੇਸ਼ਨ ਵਾਲਿਆਂ ਨੇ ਪ੍ਰੋ. ਸਾਹਿਬ ਨੂੰ ਰੇਡੀਓ ਸਟੇਸ਼ਨ ਲਾਹੌਰ ਬੁਲਾ ਕੇ ਸ਼ਬਦ ਰਿਕਾਰਡ ਕੀਤਾ। "ਕੋਈ ਬੋਲੇ ਰਾਮ ਰਾਮ ਕੋਈ ਖੁਦਾਇ" ਜਿਸ ਦੀ ਰਿਕਾਰਡਿੰਗ ਅੱਜ ਵੀ ਰੇਡੀਓ ਸਟੇਸ਼ਨ ਤੇ ਮੌਜੂਦ ਹੈ ਅਤੇ ਸਮੇਂ-ਸਮੇਂ ਕਈ ਵਾਰ ਇਹ ਸ਼ਬਦ ਸੰਗਤਾਂ ਲਾਹੌਰ ਰੇਡੀਓ ਤੋਂ ਸੁਣਦੀਆਂ ਹਨ। ਇਹ ਗੁਰਮਤਿ ਸੰਗੀਤ ਵਿੱਚ ਪ੍ਰੋ. ਚਤਰ ਸਿੰਘ ਦੀ ਵੱਡੀ ਪ੍ਰਾਪਤੀ ਸੀ। ਕਿਉਂਕਿ ਲਾਹੌਰ ਰੇਡੀਓ ਸਟੇਸ਼ਨ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਵਿੱਚ ਪਹਿਲੀ ਵਾਰ ਸ਼ਬਦ ਰਿਕਾਰਡ ਕੀਤੇ ਗਏ। ਅਜ਼ਾਦੀ ਤੋਂ ਪਹਿਲਾਂ ਪ੍ਰੋ. ਸਾਹਿਬ ਜਦੋਂ ਕੀਰਤਨ ਕਰਦੇ ਸਨ ਤਾਂ ਬਿਨਾਂ ਲਾਉਡ ਸਪੀਕਰ ਤੋਂ ਕੀਰਤਨ ਕਰਦੇ ਸਨ ਕਿਉਂਕਿ ਉਦੋਂ ਸਪੀਕਰ ਨਹੀਂ ਹੁੰਦੇ ਸਨ। ਪ੍ਰੋ. ਚਤਰ ਸਿੰਘ ਜੀ ਦੇ ਜੱਥੇ ਨੂੰ ਕਾਕਾ ਲਾਹੌਰ ਵਾਲਾ ਅਤੇ ਭਾਈ ਸਮੁੰਦ ਸਿੰਘ ਜੀ ਦੇ ਜੱਥੇ ਨੂੰ ਕਾਕਾ ਸਮੁੰਦ ਸਿੰਘ ਦਾ ਜਥਾ ਕਹਿ ਕੇ ਬੁਲਾਇਆ ਕਰਦੇ ਸਨ। ਭਾਈ ਅਰਦੁਮਨ ਸਿੰਘ ਬਾਗੜੀਆਂ, ਭਾਈ ਸਾਹਿਬ ਦਾ ਕੀਰਤਨ ਬਹੁਤ ਸ਼ੌਕ ਨਾਲ ਸੁਣਦੇ ਸਨ। ਉਹਨਾਂ ਨੇ ਇਹਨਾਂ ਨੂੰ ਸ਼ਿਮਲੇ ਵਿਖੇ ਕਈ ਵਾਰ ਬੁਲਾ ਕੇ ਇਹਨਾਂ ਦਾ ਕੀਰਤਨ ਸੁਣਿਆ। ਮਹਾਰਾਜਾ ਭੁਪਿੰਦਰ ਸਿੰਘ ਵੀ ਸਮੇਂ-ਸਮੇਂ ਪ੍ਰੋ. ਚਤਰ ਸਿੰਘ ਜੀ ਨੂੰ ਚੈਹਲ ਬੁਲਾ ਕੇ ਕਈ ਕਈ ਦਿਨ ਇਹਨਾਂ ਦਾ ਕੀਰਤਨ ਸੁਣਦੇ ਸਨ। ਭਾਈ ਬਖਸ਼ੀਸ਼ ਸਿੰਘ ਜੀ ਪਟਿਆਲੇ ਵਾਲੇ ਵੀ ਜਦੋਂ ਪ੍ਰੋ. ਚਤਰ ਸਿੰਘ ਜੀ ਮੁਕਤਸਰ ਕੀਰਤਨ ਕਰਿਆ ਕਰਦੇ ਸਨ ਤਾਂ ਪਰਕਰਮਾ ਵਿੱਚ ਬੈਠ ਕੇ ਪ੍ਰੋ. ਸਾਹਿਬ ਦਾ ਕੀਰਤਨ ਸੁਣਦੇ ਸਨ। ਪ੍ਰੋ. ਸਾਹਿਬ ਨੇ ਕਈ ਵਰ੍ਹੇ ਪਟਿਆਲੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਜਦੋਂ ਕੱਚੀ ਉਸਾਰੀ ਦਾ ਸੀ, ਕੀਰਤਨ ਕੀਤਾ। ਪ੍ਰੋ. ਚਤਰ ਸਿੰਘ ਨੇ ਜ਼ਿੰਦਗੀ ਦੇ ਕਈ ਵਰ੍ਹੇ, ਪੰਜਾਬ, ਪਟਨਾ, ਲੰਦਨ, ਕਨੇਡਾ, ਅੰਮ੍ਰਿਤਸਰ, ਮੁਕਤਸਰ, ਕਲਕੱਤਾ, ਲਾਹੌਰ, ਬੰਬਈ ਅਸਾਮ ਅਤੇ ਹੋਰ ਕਈ ਸ਼ਹਿਰਾਂ ਵਿੱਚ ਸੰਗਤਾਂ ਨੂੰ ਕੀਰਤਨ ਸਰਵਣ ਕਰਾਇਆ।

ਆਪ ਨੂੰ ਵੱਖ-ਵੱਖ ਸ਼ਹਿਰਾਂ ਦੀਆਂ ਗੁਰਦੁਆਰਾ ਕਮੇਟੀਆਂ ਵਲੋਂ ਕਈ ਵਾਰ ਪ੍ਰਮਾਣ-ਪੱਤਰ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। 1934 ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਵਲੋਂ ਆਪ ਨੂੰ ਨਿਰਧਾਰਿਤ ਰਾਗ ਅਤੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਦੇ ਪ੍ਰਸਿੱਧ ਰਾਗੀ ਦਾ ਐਵਾਰਡ ਦਿੱਤਾ ਗਿਆ। ਉਹਨਾਂ ਦਿਨਾਂ ਵਿੱਚ ਲਾਹੌਰ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਜੀ ਸਨ। 1940 ਵਿੱਚ ਗੁਰਦੁਆਰਾ ਨਨਕਾਣਾ ਸਾਹਿਬ ਕਮੇਟੀ

ਵਲੋਂ ਸਨਮਾਨਤ ਕੀਤਾ ਗਿਆ, ਇਸੇ ਤਰ੍ਹਾਂ ਹੀ 1942 ਵਿੱਚ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਜ਼ਿਲ੍ਹਾ ਕੈਮਲਪੁਰ ਵਲੋਂ ਗੁਰਦੁਆਰਾ ਪ੍ਰਧਾਨ ਸ. ਅਰਜਨ ਸਿੰਘ ਵਲੋਂ ਸਨਮਾਨਤ ਕੀਤਾ ਗਿਆ। ਸ੍ਰੀ ਗੁਰੂ ਸਿੰਘ ਸਭਾ ਗੁਜਰਾ ਲਾਇਲਪੁਰ ਪਾਕਿਸਤਾਨ ਸੈਕਟਰੀ ਹੁਕਮ ਸਿੰਘ ਨੇ ਇਨ੍ਹਾਂ ਨੂੰ ਸਨਮਾਨਿਤ ਕੀਤਾ। ਰਾਵਲ ਪਿੰਡੀ ਕਰਤਾਰਪੁਰ ਵਿਖੇ ਸੁੰਦਰ ਸਿੰਘ ਜੀ ਵਲੋਂ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸਾਹਿਬ, ਟਾਊਨ ਜਮਸ਼ੇਦਪੁਰ (ਟਾਟਾ ਨਗਰ) ਗੁਰਦੁਆਰਾ ਇੱਛਾਪੁਰ (ਬੰਗਾਲ)। 1938 ਵਿੱਚ ਸਿੰਘ ਸਭਾ ਇੱਛਾਪੁਰ ਬੰਗਾਲ ਪ੍ਰਧਾਨ ਗੰਗਾ ਰਸਾਲਪੁਰ ਵਿਖੇ ਤੰਤੀ ਸਾਜਾਂ ਨਾਲ ਕੀਰਤਨ ਕਰਕੇ ਬੜੇ ਵੱਡੇ ਕੀਰਤਨ ਦਰਬਾਰ ਵਿੱਚ ਪ੍ਰਸਿੱਧ ਰਬਾਬੀਆਂ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਸਨਮਾਨ ਵੀ ਹੋਏ ਜਿਵੇਂ - 1. ਕਮਾਡੈਂਟ ਐਸ. ਐਸ. ਸਟੇਟਸ, ਬਟਾਲੀ ਘਰ ਬਰਮਾ ਮਿਲਟਰੀ ਪੋਲੀਸ (1938) 2. ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ (1939) 3. ਮੈਨੇਜਮੈਂਟ ਕਮੇਟੀ, ਨਨਕਾਣਾ ਸਾਹਿਬ (1940) 4. ਗੁਰੂ ਸਿੰਘ ਸਭਾ, ਬਰਨਾਲਾ ਰਿਆਸਤ (1940) 5. ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) (1940) 6. ਸ੍ਰੀ ਗੁਰੂ ਸਿੰਘ ਸਭਾ, ਗੋਜਰਾ, ਲਾਇਲਪੁਰ (1940) 7. ਸ੍ਰੀ ਗੁਰੂ ਸਿੰਘ ਸਭਾ, ਪੜੀ ਦਰਵਾਜ਼ਾ, ਜੇਹਲਮ (1942) ਆਦਿ।

1967 ਵਿੱਚ ਆਪ ਦੇ ਵੱਡੇ ਭਰਾ ਸ. ਸੁਦਾਗਰ ਸਿੰਘ ਜੀ ਦਾ ਦੇਹਾਂਤ ਹੋ ਗਿਆ। ਉਹਨਾਂ ਪਿੱਛੋਂ ਆਪ ਦੇ ਸਪੁੱਤਰ ਸ. ਜਬਰਜੰਗ ਸਿੰਘ ਜੀ ਜੋ ਅੱਜ ਕੱਲ ਮੋਦੀ ਕਾਲਜ ਵਿਖੇ ਸੰਗੀਤ ਦੀ ਵਿੱਦਿਆ ਦੇ ਰਹੇ ਹਨ ਨੇ ਆਪ ਦਾ ਸਮੇਂ ਸਮੇਂ ਕੀਰਤਨ ਦੇ ਨਾਲ ਸਿਤਾਰ ਅਤੇ ਤਬਲੇ ਤੇ ਸਾਥ ਦਿੱਤਾ। ਗੁਰਦੁਆਰਾ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਸੰਗਤਾਂ ਨੇ 40 ਦਿਨ ਲਗਾਤਾਰ ਆਪ ਪਾਸੋਂ ਤੰਤੀ ਸਾਜਾਂ ਨਾਲ 'ਧੁਰ ਕੀ ਬਾਣੀ' ਦਾ ਕੀਰਤਨ ਨਿਰਧਾਰਿਤ ਰਾਗਾਂ ਵਿੱਚ ਸਰਵਣ ਕਰਦੀਆਂ ਰਹੀਆਂ। ਆਪ ਦਿਲਰੁਬਾ, ਤਾਊਸ, ਰਬਾਬ, ਸਿਰੰਦਾ, ਸਿਤਾਰ, ਹਵਾਇਨ ਜੈਬਲ, ਜਲਤਰੰਗ ਆਦਿ ਸਾਜ ਵਜਾਉਣ ਵਿੱਚ ਮਾਹਿਰ ਸਨ। ਕੀਰਤਨ ਕਰਨ ਲੱਗੇ ਸਾਰੇ ਸ਼ਾਜ ਆਪ ਪਾਸ ਮੌਜੂਦ ਹੁੰਦੇ ਸਨ। ਸਮੇਂ-ਸਮੇਂ ਕੀਰਤਨ ਕਰਦੇ ਹੋਏ ਹਰ ਸਾਜ਼ ਦੀ ਵਰਤੋਂ ਕਰਦੇ ਸਨ। 1983 ਵਿੱਚ ਆਪ ਸੰਗਤਾਂ ਦੇ ਸੱਦੇ ਤੇ ਯੂ. ਕੇ. ਗਏ ਤੇ ਉੱਥੇ ਇਹਨਾਂ ਨੇ ਗੁਰਮਤਿ ਸੰਗੀਤ ਦੇ ਰਾਗਾਂ ਦਾ ਗਾਇਨ ਕੀਤਾ। ਇਸ ਸਮੇਂ ਆਪ ਦੇ ਦੂਜੇ ਭਰਾ ਗਿਆਨੀ ਰਤਨ ਸਿੰਘ ਦੀ ਅਚਾਨਕ ਮ੍ਰਿਤੂ ਹੋ ਗਈ ਜੋ ਕੀ ਚੰਗੇ ਤਾਊਸ ਅਤੇ ਸਿਤਾਰ ਵਾਦਕ ਸਨ। ਇੱਥੇ ਆਪ ਨੇ ਆਪਣੇ ਵੱਡੇ ਭਰਾ ਗਿਆਨੀ ਮਨਸਾ ਸਿੰਘ ਜੀ ਜੋ ਪ੍ਰਸਿੱਧ ਸਿਰੰਦਾ ਵਾਦਕ ਸਨ ਤੇ ਨਾਲ ਆਪਣੇ ਸਪੁੱਤਰ ਪ੍ਰੋ. ਜਬਰਜੰਗ ਸਿੰਘ ਜਿਨ੍ਹਾਂ ਨੂੰ ਕੀਰਤਨ ਦੀ ਦਾਤ ਆਪਣੇ ਪਰਿਵਾਰ ਵਿੱਚੋਂ ਮਿਲੀ ਨੂੰ ਨਾਲ ਲੈ ਕੇ ਕਈ ਥਾਵਾਂ ਤੇ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। 1984 ਵਿੱਚ ਆਪ ਯੂ. ਕੇ. ਤੋਂ ਵਾਪਸ ਆ ਗਏ। 1928 ਤੋਂ 1992 ਤੱਕ ਲਗਭਗ 65 ਵਰ੍ਹੇ ਆਪ ਗੁਰੂ ਸਾਹਿਬ ਵਲੋਂ ਚਲਾਈ ਹੋਈ ਗੁਰਮਤਿ ਸੰਗੀਤ ਪ੍ਰਣਾਲੀ ਨੂੰ ਬਰਕਰਾਰ ਰੱਖਣ ਲਈ ਸੰਗਤਾਂ ਨੂੰ ਤੰਤੀ ਸਾਜਾਂ ਨਾਲ ਕੀਰਤਨ ਕਰਕੇ ਗੁਰੂ ਘਰ ਦੇ ਨਾਲ ਜੋੜਦੇ ਰਹੇ ਅਤੇ ਸਮੇਂ-ਸਮੇਂ ਇਹ ਕੀਰਤਨ ਦੀ ਦਾਤ ਆਪਣੇ ਘਰ ਵਿੱਚ ਵੰਡਦੇ ਰਹੇ। ਪ੍ਰੋ. ਚਤਰ ਸਿੰਘ ਜੀ ਦੇ ਅਨੇਕਾਂ ਸ਼ਗਿਰਦ ਸਨ ਜਿਨ੍ਹਾਂ ਵਿੱਚ ਖ਼ਾਸ ਕਰਕੇ ਪ੍ਰੋ. ਚਤਰ ਸਿੰਘ ਜੀ ਰੇਡੀਓ ਸਟੇਸ਼ਨ ਜਲੰਧਰ ਵਾਲੇ ਜੋ ਪ੍ਰਸਿੱਧ ਦਿਲਰੁਬਾ ਵਾਦਕ ਹਨ ਇਹਨਾਂ ਦੇ ਸ਼ਗਿਰਦ ਸਨ। ਬੀਬੀ ਮਨਸਾ ਕੌਰ, ਭਾਈ ਜਵਾਲਾ ਸਿੰਘ ਦੀ ਬੇਟੀ, ਰਾਗੀ ਹਰਮਿੰਦਰ ਸਿੰਘ, ਭਾਈ ਰੂਪ ਸਿੰਘ ਕਲਕੱਤੇ ਵਾਲੇ ਤੇ ਹੋਰ ਕਈ ਕੀਰਤਨੀਏ ਸਿੰਘਾਂ ਨੇ ਪ੍ਰੋ. ਸਾਹਿਬ ਪਾਸੋਂ ਕੀਰਤਨ ਦੀ ਵਿੱਦਿਆ ਹਾਸਲ ਕੀਤੀ।

1998 ਵਿੱਚ ਜਵੱਦੀ ਕਲਾਂ ਲੁਧਿਆਣੇ ਵਿਖੇ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੌਰਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਆਪ ਜੀ ਦੀਆਂ ਗੁਰਮਤਿ ਸੰਗੀਤ ਸੰਬੰਧੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਸ਼੍ਰੋਮਣੀ ਰਾਗੀ ਦਾ ਖੇਤਾਬ ਦੇ ਕੇ ਸਨਮਾਨਿਤ ਕੀਤਾ, ਜੋ ਆਪ ਪ੍ਰਾਪਤ ਨਾ ਕਰ ਸਕੇ ਕਿਉਂਕਿ ਦੋ ਸਾਲ ਤੋਂ ਪ੍ਰੋ. ਚਤਰ ਸਿੰਘ ਜੀ ਦਮੇ ਦੀ ਬਿਮਾਰੀ ਨਾਲ ਪੀੜਤ ਚਲੇ ਆ ਰਹੇ ਸਨ। ਅਖੀਰ 23 ਅਪਰੈਲ 1999 ਨੂੰ ਸਵੇਰੇ 6.00 ਵਜੇ ਪ੍ਰੋ. ਚਤਰ ਸਿੰਘ ਜੀ ਦਾ ਦੇਹਾਂਤ ਹੋ ਗਿਆ ਜੋ ਕਿ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਅਤੇ ਸਿੱਖ ਸੰਗਤਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਅੱਜ ਵੀ ਪ੍ਰੋ. ਸਾਹਿਬ ਦੇ ਬੱਚੇ ਪ੍ਰੋ. ਜਬਰਜੰਗ ਸਿੰਘ ਤੇ ਭਾਈ ਕ੍ਰਿਪਾਲ ਸਿੰਘ ਪ੍ਰੋ. ਚਤਰ ਸਿੰਘ ਦੀ ਯਾਦ ਵਿੱਚ ਟਕਸਾਲ ਵਿੱਚ ਰਹਿ ਕੇ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ। ■

## Office of the
## Commandant, Southern Shan States Battalion

BURMA MILITARY POLICE

*Dated Taunggyi, the 1st June 1938*

This is to certify that Ragi Chattar Singh and Munsha Singh have done kirtan in the Frontier Force Sikh Temple of the Southern Shan States Battalion, Burma Frontier Force, Taunggyi, for about a week. Subedar Major and other Sikh Indian Officers and the Sikh members of the Battalion are very much pleased with their kirtan.

**Major, Commandant, S.S. States Battn.**

❖ ❖ ❖

ੴਸ੍ਰੀ ਵਾਹਿਗੁਰੂ ਜੀ ਕੀ ਫਤਹਿ॥

## ਗੁਰਦੁਆਰਾ ਸਾਧ ਸੰਗਤ ਇੱਛਾਪੁਰ (ਬੰਗਾਲ)

ਡਾ: ਖਾ: ਇੱਛਾਪੁਰ ਨਵਾਬਗੰਜ, ੨੪ ਪਰਗਨਾ (ਬੰਗਾਲ)

## Gurdwara Sadh Sangat Ichhapur (Bengal)

P.O. IChhapur Nawabgunj, 24 Pargna (Bengal)

*IChhapur 26th Aug. 1938*

Bhai Chattar Singh and his party gave a really good entertainment with Kirtan and Shabad Sakhi last night in the Gurdwara Sadh Sangat, Ichhapur-Nawabgunj (Bengal).

Bhai Chattar Singh personally is a musician of great skill and possesses versatility in the use of Harmonium, Banjo, Violin and several other instrument and being merely a youth promises to go far in the advancement of indigenous music.

On behalf of the members of the Gurdwara Sadh Sangat. I thank the party for the entertainment and wish Bhai Sahib every success in the art.

**President**

❖ ❖ ❖

ੴਸ੍ਰੀ ਵਾਹਿਗੁਰੂ ਜੀ ਕੀ ਫਤਹਿ॥

## ਗੁਰਦੁਆਰਾ ਪ੍ਰਬੰਧਕ ਕਮੇਟੀ, ਜੀ. ਟਾਉਨ, ਜਮਸ਼ੈਦਪੁਰ (ਟਾਟਾ ਨਗਰ)

**Gurdwara Prabandhak Committee,** G. Town, Jamshedpur, Tata Nagar

ਤ੍ਰੀਕ 20th. Sept. ੧੯੩੮

On behalf of the Gurudwara Prabhandak Committee I have pleasure in certifying that Kaka Chatter Singh and his party did Jatha performance regularly every day both morning and night during the past ten days, with which all the Sikh residents of this Town were very much impressed. Kaka Chattar Singh is a talented musician and plays on several instruments in a masterly manner. His performance attracted very large crowds and during the entire period of his stay, the Gurudwara premises were in full life and activity.

**General Secretary**

ੴਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਦਫ਼ਤਰ

# ਗੁਰਦੁਆਰਾ ਪ੍ਰਬੰਧਕ ਕਮੇਟੀ
# ਲਾਹੌਰ

# GURDWARA PRABANDHAK COMMITTEE
# LAHORE

Dated MAY 6 1939

I am glad to certify that the performances of SHABAD KIRTAN given by Bhai Chatar Singh Ragi and his jatha on the Shahidi Gurpurb (Jore Mela) of Sri Guru Arjan Dev Ji and other occasions were greatly appraciated amongst the SIKH SANGAT. The Jatha played on verious musical instruments successfully.

I have received numerous letters from the outsiders as well as who heard on the Radios appraising the programme which was broadcas from Gurdwara Dehra Sahio on May 1939, in which the above jatha was included.

I can confidentaly say that he is a good artist and I have eve hope that the growing youth will prove boon to the Sikh Community as regards the mission work is concerned. I wish him success in his future career.

**Secretary**

❖ ❖ ❖

ੴਸ੍ਰੀ ਵਾਹਿਗੁਰੂ ਜੀ ਕੀ ਫਤਹਿ॥

The Manager

MANAGING COMMITTEE OF NOTIFIED SIKH GURDWARAS

NANKANA SAHIB

(Sheikhpura Distt.)

Dated 2-4-1940

The Ragi Jatha of Bh. Chattar Singh and Bh. Munsha Singh gave us two musical (Hari-kirtan) performances in the Gurdwara Janamsthan Nankana Sahib last eyening and this morning. Their excellence in the vocal and their control over verious tunes seemed wonderful. They had a great command over their audience and the Sikh Sangat highly appreciated their Kirtan.

The youth Bh. Chatar Singh with his modernise and highly melodious tunes is a wonderful asset to the jatha.

I wish you success in life.

**Manager**

## ਗੁਰੂ ਸਿੰਘ ਸਭਾ

ਬਰਨਾਲਾ, ਰਿਆਸਤ ਪਟਿਆਲਾ

ਤਾਰੀਖ 30. 4. 40

Master Munsha Singh and Prof. Chattar Singh with their party entertained theSangat and the Barnala Public with their melodious verses of Gurbani on 27, 28, 29 & 30 April 1940. Their way of expression was their own. So much so that the whole audience was spell bound when they chanted the Gurbani verses in the most charming and pathetic tunes. They are well versed in the classical aspect of the Gurmukhi literature. They are masters of the present day instruments. The Sangat in particular and the Barnala Public in general are quite enamoured of their sincere and harmonious expression. They possess the right knack mastery tact in rousing the spritual sentiments of the mundane world.

Hope they won't forget Barnala intheir next tour.

**Secretary,**

❖ ❖ ❖

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਸਿੰਘ ਸਭਾ

ਗੋਜਰਾ

## SRI GURU SINGH SABHA

**GOJRA**
**(Layllpur)**

Dated 19. 12. 1940

ਉਪਰੋਕਤ ਸਭਾ ਵਿਖੇ ਲਾਹੌਰ ਦੇ ਪਿਰਸਿਦ ਰਾਗੀ ਜਥਾ ਪ੍ਰੋਫੈਸਰ ਚਤਰ ਸਿੰਘ ਮਨਸ਼ਾ ਸਿੰਘ ਜੀ ਨੇ ਮਿਤੀ 17/12/40/ ਤੋਂ ਲੈਕਰ ਅੱਜ ਤੱਕ ਕੀਰਤਨ ਰਾਹੀਂ ਸੰਗਤਾਂ ਨੂੰ ਦੋਨੋ ਵਕਤਾ ਅਤੀ ਨਿਹਾਲ ਕੀਤਾ ਹੈ। ਆਪਜੀ ਦੇ ਕੀਰਤਨ ਅੰਦਰ ਇੱਕ ਖਾਸ ਕਸ਼ਸ਼ ਸੀ ਜਿਸਦੀ ਵਜਾ ਗੁਰਦੁਆਰਾ ਵਿਖੇ ਕਾਫੀ ਹਾਜ਼ਰੀ ਦੋਵੇ ਵਕਤ ਸੰਗਤਾਂ ਦੀ ਹੁੰਦੀ ਰਹੀ। ਨਿਰੋਲ ਗੁਰਬਾਣੀ ਦੇ ਕੀਰਤਨ ਤੋਂ ਇਲਾਵਾ ਪ੍ਰੋਫੈਸਰ ਚਤਰ ਸਿੰਘ ਨੇ ਕਈ ਸਾਜ਼ ਵਾਇਲਨ ਸਵੱਰ ਮੰਡਲ ਦਿਲਰੁਬਾ ਸਤਾਰ ਆਦਕ ਆਦਕ ਸਨ ਕੇ ਸੰਗਤਾਂ ਨੂੰ ਅਤੀ ਨਿਹਾਲ ਕੀਤਾ। ਜਿਸਤੋਂ ਸਾਰੀ ਸੰਗਤ ਅਸ਼ ਅਸ਼ ਕਰ ਉਠੀ। ਇਸਤੋਂ ਇਲਾਵਾ ਉਨ੍ਹਾਂ ਨੇ ਬ੍ਹੋਤ ਸਾਰੀਆਂ ਨਵੀਆਂ ਤਰਜ਼ਾਂ ਦੁਵਾਰਾ ਸਾਧ ਸੰਗਤ ਨੂੰ ਨਿਹਾਲ ਕੀਤਾ। ਸਭਾ ਇਨ੍ਹਾਂ ਦੀ ਅਤੀ ਧਨਵਾਦੀ ਹੈ।

**ਸੈਕਟਰੀ**

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਸਿੰਘ ਸਭਾ ਰਸਾਲਪੁਰ।

## SIRI GURU SINGH SABHA

Risalpur, 04th March 1941

Sri Guru Singh Sabha Risalpur express their hearty thanks to Prof. Chattar Singh & Bhai Munsha Singh, who with their party recited important historical averts and presented Shabad-Kirtan in an excellent manner for about a week. They are perfect in the art of music of the day. Their skill in controlling the various tunes of Violin, Sitar, Dilruba, Jaltrang, Havai-Jaithal etc. was greatly astonishing to the audience, who very well admired the jatha. In fact the sangat was not willing to part with such a magnificent musical party. The sabha wish them long life and prosperity so that the (sangats) public derive the maximum benefit from them.

**Secretary**

❖ ❖ ❖

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

## Office SIRI GURU SINGH SABHA

**PARI DARWAZA** (Jhelum)

ਦਫਤ੍ਰ-ਸ੍ਰੀ ਗੁਰੂ ਸਿੰਘ ਸਭਾ ਪੜੀ ਦਰਵੇਜਾ (ਜੇਹਲਮ)

ਤ੍ਰੀਕ 6-10-1942

Master Mansha Singh and Professor Chattar Singh with their party entertained the Sangat and Public of Village Pari Darwaza, Distt. Jhelum on 3rd., 4th. & 5th. October 1942, with their melodious verses of Gurbani. Their way of expression was their own. So much so that the whole audience was spell bound when they chanted the verses of Gurbani in the most charming and pathetic tunes.

They have made a definite mark on the Sikh and General Public here on account of their sweet tunes and voice. The Public have greatly appreciated the Instrumental and as well as the vocal music. They are well acquainted with Gurbani and Ithas.

They possess the right- knack mastery tact in rousing the spiritual sentiments of the mundane world.

He threw the public in great surprise by playing the following instruments:-

Violin, Dilruba, Hvayi Jaithal, Sitar, Jaltarang etc.

I hope that such a personality will bring great credit to the Sikh community especially.

I hope that they will not forget this village in their next tour.

**President**

ਮਨਮੋਹਨ ਸਿੰਘ

| ਆਸਾ ਮਹਲਾ ੫॥ | Asa 5th Guru. | ਆਸਾ ਪੰਜਵੀਂ ਪਾਤਸ਼ਾਹੀ। |
|---|---|---|
| ਬਾਪਾਰਿ ਗੋਵਿੰਦ ਨਾਏ॥ ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ ॥੧॥ ਰਹਾਉ॥ | By dealing in the Lord's Name the saints and pious persons are pleased, the Beloved is obtained, His praises are sung and the melody with five musical instruments is played. Pause. | ਸੁਆਮੀ ਦੇ ਨਾਮ ਦੇ ਵਣਜ ਦੁਆਰਾ ਜਗਿਆਸੂ ਅਤੇ ਪਵਿੱਤਰ ਪੁਰਸ਼ ਪ੍ਰਸੰਨ ਹੁੰਦੇ ਹਨ, ਪ੍ਰੀਤਮ ਪਰਾਪਤ ਹੋ ਜਾਂਦਾ ਹੈ, ਉਸ ਦੀਆਂ ਸਿਫਤਾਂ ਗਾਇਨ ਕੀਤੀਆਂ ਜਾਂਦੀਆਂ ਹਨ ਅਤੇ ਪੰਜਾਂ ਸੰਗੀਤਕ ਸਾਜ਼ਾਂ ਨਾਲ ਕੀਰਤਨ ਕੀਤਾ ਜਾਂਦਾ ਹੈ। ਠਹਿਰਾਉ। |
| ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਬਿੰਦ ਸਿਉ॥ | When I obtained Lord's favour, I, easily, had a vision of Him and now, I am imbued with Lord's love. | ਜਦ ਮੈ ਸੁਆਮੀ ਦੀ ਦਇਆ ਦਾ ਪਾਤ੍ਰ ਹੋਇਆ, ਮੈਂ ਸੁਖੈਨ ਹੀ, ਉਸ ਦਾ ਦਰਸ਼ਨ ਪਾ ਲਿਆ ਅਤੇ ਹੁਣ, ਮੈਂ ਪ੍ਰਭੂ ਦੀ ਪ੍ਰੀਤ ਨਾਲ ਰੰਗਿਆ ਹੋਇਆ ਹਾਂ। |
| ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ॥੧॥ | By serving the saints, I imbibed love and affection for my Beloved Master. | ਸਾਧੂਆਂ ਦੀ ਟਹਿਲ ਕਮਾਉਣ ਦੁਆਰਾ ਮੇਰੀ ਪਿਰਹੜੀ ਅਤੇ ਮਹੁੱਬਤ ਪ੍ਰੀਤਮ ਮਾਲਕ ਨਾਲ ਪੈ ਗਈ ਹੈ। |
| ਗੁਰ ਗਿਆਨੁ ਮਨਿ ਦ੍ਰਿੜਾਏ ਰਹਿਸਾਏ ਨਹੀਂ ਆਏ ਸਹਜਾਏ ਮਨਿ ਨਿਧਾਨੁ ਪਾਏ॥ | The Guru has fixed Divine Knowledge in my mind and I am rejoiced that I shall not come again, I have attained equipoise and God's treasure within my heart. | ਗੁਰਾਂ ਨੇ ਬ੍ਰਹਿਮ-ਬੋਧ ਮੇਰੇ ਹਿਰਦੇ ਅੰਦਰ ਪੱਕਾ ਕਰ ਦਿੱਤਾ ਹੈ ਅਤੇ ਮੈਂ ਖੁਸ਼ ਹਾਂ ਕਿ ਮੈਂ ਮੁੜ ਕੇ ਨਹੀਂ ਆਵਾਂਗਾ ਮੇਰੇ ਦਿਲ ਅੰਦਰ ਮੈਨੂੰ ਅਡੋਲਤਾ ਅਤੇ ਰਬੀ ਖ਼ਜ਼ਾਨਾ ਪਰਾਪਤ ਹੋ ਗਏ ਹਨ। |
| ਸਭ ਤਜੀ ਮਨੈ ਕੀ ਕਾਮ ਕਰਾ॥ | I have renounced all the affairs of my mind's desire. | ਮੈਂ ਆਪਣੇ ਚਿਤ ਦੀ ਖ਼ਾਹਿਸ਼ ਦੇ ਸਾਰੇ ਕੰਮ ਛਡ ਛਡੇ ਹਨ। |
| ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ॥ | It is long, long, long, long, since my soul has felt a great thirst. | ਦੇਰ, ਦੇਰ, ਦੇਰ, ਦੇਰ, ਹੋ ਗਈ ਹੈ ਜਦ ਤੋਂ ਮੇਰੀ ਆਤਮਾ ਨੂੰ ਘਣੀ ਤੇਹ ਲੱਗੀ ਹੋਈ ਹੈ। |
| ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ॥ | O God, show me Thine sight and apprise me of Thy presence. | ਹੇ ਵਾਹਿਗੁਰੂ! ਮੈਨੂੰ ਆਪ ਦਾ ਦੀਦਾਰ ਵਿਖਾਲ, ਅਤੇ ਮੈਨੂੰ ਆਪਣੀ ਹਜ਼ੂਰੀ ਦਰਸਾ। |
| ਨਾਨਕ ਦੀਨ ਸਰਣਿ ਆਏ ਗਲਿ ਲਾਏ॥੨॥੨॥੧੫੩॥ | Meek Nanak has entered Thine sanctuary, O Lord, take me in Thy embrace. | ਮਸਕੀਨ ਨਾਨਕ ਨੇ ਤੇਰੀ ਪਨਾਹ ਲਈ ਹੈ, ਮੈਨੂੰ ਆਪਣੇ ਗਲੇ ਨਾਲ ਲਾ ਲੈ। |

| ਜੈਜਾਵੰਤੀ ਮਹਲਾ ੯॥ | Jaijawanti 9th Guru. | ਜੈਜਾਵੰਤੀ ਨੌਵੀਂ ਪਾਤਸ਼ਾਹੀ। |
|---|---|---|
| ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜ ਰੇ॥ | O man, the life is passing away, is passing away in vain. | ਹੇ ਬੰਦੇ! ਤੇਰਾ ਜੀਵਨ ਵਿਅਰਥ ਹੀ ਗੁਜ਼ਰਦਾ ਜਾ ਰਿਹਾ ਹੈ, ਗੁਜ਼ਰਦਾ ਜਾ ਰਿਹਾ ਹੈ। |
| ਨਿਸ ਦਿਨ ਸੁਨਿ ਕੈ ਪੁਰਾਨ॥ | Hearing the Puranas night | ਰੈਣ ਅਤੇ ਦਿਹੁੰ ਪੁਰਾਨਾਂ ਨੂੰ ਸ੍ਰਵਣ ਕਰ, |

| | | |
|---|---|---|
| ਸਮਝਤ ਨਹ ਰੇ ਅਜਾਨ॥ | and day, thou understandest not, O ignorant man. | ਤੂੰ ਸਮਝਦਾ ਨਹੀਂ, ਹੇ ਬੇਸਮਝ ਬੰਦੇ! |
| ਕਾਲ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ॥੧॥ ਰਹਾਉ॥ | Death has arrived, O whither shalt thou now flee away? Pause. | ਮੌਤ ਆਣ ਪਹੁੰਚੀ ਹੈ, ਓ! ਹੁਣ ਤੂੰ ਨੱਸ ਕੇ ਕਿਥੇ ਜਾਵੇਂਗਾ? ਠਹਿਰਾਉ। |
| ਅਸਥਿਰ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥ | That body of thine, which thou deemest permanent, shall become dust. | ਉਹ ਆਪਣਾ ਸਰੀਰ, ਜਿਸ ਨੂੰ ਤੂੰ ਸਦੀਵੀ ਸਥਿਰ ਮੰਨਦਾ ਹੈਂ, ਮਿੱਟੀ ਹੋ ਜਾਊਗਾ। |
| ਕਿਉ ਨ ਹਰਿ ਕੋ ਨਾਮੁ ਲੇਹ ਮੂਰਖ ਨਿਲਾਜ ਰੇ॥੧॥ | Why utterest thou not the Lord's Name, O shameless fool? | ਤੂੰ ਕਿਉਂ ਸੁਆਮੀ ਦੇ ਨਾਮ ਦਾ ਉਚਾਰਨ ਨਹੀਂ ਕਰਦਾ, ਹੇ ਬੇਸਮਝ ਬੇਵਕੂਫ? |
| ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ॥ | Introduce thou the Lord's devotional service into thy mind and abandon thou thy mind's ego. | ਪ੍ਰਭੂ ਦੀ ਪ੍ਰੇਮਮਈ ਸੇਵਾ ਨੂੰ ਤੂੰ ਆਪਣੇ ਮਨ ਅੰਦਰ ਲਿਆ ਅਤੇ ਆਪਣੇ ਮਨੂਏ ਦੀ ਹੰਗਤਾ ਨੂੰ ਤਿਆਗ ਦੇ। |
| ਨਾਨਕ ਜਨ ਇਹ ਬਖਾਨ ਜਗ ਮੈ ਬਿਰਾਜੁ ਰੇ॥੨॥੪॥ | Says servant Nanak, thiswise abide thou in this world, O mortal. | ਨੌਕਰ ਨਾਨਕ ਆਖਦਾ ਹੈ, ਇਸ ਤਰ੍ਹਾਂ ਤੂੰ ਇਸ ਸੰਸਾਰ ਅੰਦਰ ਆਪਣੀ ਦਿਨ ਕਟੀ ਕਰ ਹੇ ਪ੍ਰਾਣੀ! |
| **ਮਲਾਰ** | **Malar** | **ਮਲਾਰ** |
| ਮੋਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥ ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥ | Forget Thou me not, forget Thou me not. Forget Thou me not, O my Prevading God. Pause. | ਤੂੰ ਮੈਨੂੰ ਨਾ ਭੁਲਾ, ਤੂੰ ਮੈਨੂੰ ਨਾ ਭੁਲਾ। ਤੂੰ ਮੈਨੂੰ ਨਾ ਭੁਲਾ, ਮੇਰੇ ਹੇ ਵਿਆਪਕ ਵਾਹਿਗੁਰੂ! ਠਹਿਰਾਉ। |
| ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥ | The temple-priests have this doubt, that every one is furious at me. | ਮੰਦਰ ਦੇ ਪੁਜਾਰੀਆਂ ਨੂੰ ਇਹ ਸੰਦੇਹ ਹੈ, ਕਿ ਹਰ ਕੋਈ ਮੇਰੇ ਉੱਤੇ ਲੋਹਾ ਲਾਖਾ ਹੈ। |
| ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥੧॥ | Calling me 'a menial', 'a menial', they beat me and turned me out. What should I do now O my Beloved Father? | 'ਕਮੀਣ', 'ਕਮੀਣਾ' ਆਖ ਉਨ੍ਹਾਂ ਨੇ ਮਾਰ ਕੁਟ ਕੇ ਮੈਨੂੰ ਬਾਹਰ ਕਢ ਦਿੱਤਾ। ਮੈਂ ਹੁਣ ਕੀ ਕਰਾਂ, ਹੇ ਮੇਰੇ ਪਿਆਰੇ ਪਿਤਾ! |
| ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ | If Thou shalt emancipate me after death, no one shall be aware of this emancipation. | ਜੇਕਰ ਤੂੰ ਮੇਰੇ ਮਰੇ ਹੋਏ ਦੀ ਕਲਿਆਣ ਕਰੇਂਗਾ, ਕਿਸੇ ਨੂੰ ਭੀ ਇਸ ਕਲਿਆਣ ਦਾ ਪਤਾ ਨਹੀਂ ਲੱਗਣਾ। |
| ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥ | These Brahman call me low-born, this-wise Thy honour, O Lord, shall be stigmatised. | ਇਹ ਬ੍ਰਾਹਮਣ ਮੈਨੂੰ ਨੀਚ-ਘਰਾਣੇ ਦਾ ਆਖਦੇ ਹਨ, ਇਸ ਤਰ੍ਹਾਂ ਤੇਰੀ ਇਜ਼ਤ ਨੂੰ ਹੇ ਸਾਂਈ! ਦਾਗ ਲੱਗੇਗਾ। |
| ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ ਭੁਜ ਭਇਓ ਅਪਾਰਲਾ॥ | Thou art called merciful and compassionate and exceedingly unrivalled is Thy arm. | ਤੂੰ ਦਇਆਵਾਨ ਅਤੇ ਮਿਹਰਬਾਨ ਆਖਿਆ ਜਾਂਦਾ ਹੈ ਅਤੇ ਪਰਮ ਲਾਸਾਨੀ ਹੈ ਤੇਰੀ ਬਾਂਹ। |

| | | |
|---|---|---|
| ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥੩॥੨॥ | The Lord turned round the front of the temple towards Nama and its back towards the Brahmans. | ਸੁਆਮੀ ਨੇ ਮੋੜ ਕੇ ਮੰਦਰ ਦਾ ਮੂਹਰਲਾ ਪਾਸਾ ਨਾਮੇ ਵਲ ਕਰ ਦਿੱਤਾ ਅਤੇ ਪਿਛਲਾ ਪਾਸਾ ਬ੍ਰਾਹਮਣਾਂ ਵਲ। |

| ਛੰਤੁ॥ | **Chhant** | ਛੰਦ |
|---|---|---|
| ਭਿੰਨੀ ਰੈਨੜੀਐ ਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ | In the dewy night the stars glitter the saintly persons, the beloveds of my Lord remain awake. | ਤ੍ਰੇਲੀ ਹੋਈ ਰਾਤ੍ਰੀ ਵਿੱਚ ਨਖਤ੍ਰ ਲਿਸ਼ਕਦੇ ਹਨ। ਮੈਂਡੇ ਮਾਲਕ ਦੇ ਪ੍ਰੀਤਮ ਸਾਧੂ ਪੁਰਸ਼ ਜਾਗਦੇ ਰਹਿੰਦੇ ਹਨ। |
| ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥ | The lovers of the Omnipresent Lord ever remain wakeful and night and day remember the Name. | ਸਰਬ-ਵਿਆਪਕ ਸੁਆਮੀ ਦੇ ਪ੍ਰੀਤਵਾਨ ਹਮੇਸ਼ਾ ਖ਼ਬਰਦਾਰ ਵਿਚਰਦੇ ਹਨ ਅਤੇ ਰੈਣ-ਦਿਹੁੰ ਨਾਮ ਦਾ ਆਰਾਧਨ ਕਰਦੇ ਹਨ। |
| ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥ | In their mind they dwell upon God's Lotus feet and forget not the Lord even for an instant. | ਆਪਣੇ ਮਨ ਅੰਦਰ ਉਹ ਵਾਹਿਗੁਰੂ ਦੇ ਕੰਵਲ ਪੈਰਾਂ ਦਾ ਚਿੰਤਨ ਕਰਦੇ ਹਨ ਅਤੇ ਸੁਆਮੀ ਨੂੰ ਇੱਕ ਛਿਨ ਭਰ ਲਈ ਭੀ ਨਹੀਂ ਭੁਲਾਉਂਦੇ। |
| ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥ | They shed their mind's sin of pride and worldly love and burn the pain of wickedness. | ਉਹ ਆਪਣੇ ਚਿੱਤ ਦੀ ਹੰਗਤਾ ਤੇ ਸੰਸਾਰੀ ਮਮਤਾ ਦੇ ਪਾਪ ਨੂੰ ਛਡ ਦਿੰਦੇ ਹਨ ਤੇ ਬਦਫੈਲੀ ਦੀ ਪੀੜ ਨੂੰ ਸਾੜ ਸੁਟਦੇ ਹਨ। |
| ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥੧॥ | Prays Nanak, the serfs of God, the dear saints ever keep awake. | ਨਾਨਕ ਬੇਨਤੀ ਕਰਦਾ ਹੈ, ਰਬ ਦੇ ਗੁਮਾਸ਼ਤੇ, ਪ੍ਰੀਤਵਾਨ ਸਾਧੂ ਸਦੀਵ ਹੀ ਜਾਗਦੇ ਰਹਿੰਦੇ ਹਨ। |

| ਆਸਾ॥ ਤਿਪਦਾ॥ ਇਕ ਤੁਕਾ॥ | **Asa. Tipada. Ik-tuka.** | ਆਸਾ। ਤਿਪਦਾ। ਇਕ ਤੁਕਾ। |
|---|---|---|
| ਕੀਓ ਸਿੰਗਾਰੁ ਮਿਲਨ ਕੇ ਤਾਈ॥ | I have decorated myself for meeting my spouse. | ਮੈਂ ਆਪਣੇ ਕੰਤ ਨੂੰ ਮਿਲਣ ਲਈ ਹਾਰਸ਼ਿੰਗਾਰ ਲਾਇਆ ਹੈ। |
| ਹਰਿ ਨ ਮਿਲੇ ਜਗ ਜੀਵਨ ਗੁਸਾਈ॥੧॥ | But God, the Life of the world and the Lord of the universe has met me not. | ਪ੍ਰੰਤੂ ਜਗਤ ਦੀ ਜਿੰਦ-ਜਾਨ ਅਤੇ ਆਲਮ ਦਾ ਸੁਆਮੀ ਮੈਨੂੰ ਨਹੀਂ ਮਿਲਿਆ। |
| ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥ | God is my Husband and I am God's bride. | ਵਾਹਿਗੁਰੂ ਮੇਰਾ ਖਸਮ ਹੈ ਅਤੇ ਮੈਂ ਵਾਹਿਗੁਰੂ ਦੀ ਵਹੁਟੀ ਹਾਂ। |
| ਰਾਮ ਬਡੇ ਮੈ ਤਨਕ ਲਹੁਰੀਆ॥੧॥ ਰਹਾਉ॥ | The Lord is great and I am infinitesimally small. Pause. | ਸੁਆਮੀ ਵੱਡਾ ਹੈ ਮੈਂ ਭੋਰਾਭਰ ਨਿਕੜੀ ਜੇਹੀ ਹਾਂ। ਠਹਿਰਾਉ। |
| ਧਨ ਪਿਰ ਏਕੈ ਸੰਗਿ ਬਸੇਰਾ॥ | The bride and the Groom abide together. | ਲਾੜੀ ਅਤੇ ਲਾੜਾ ਇੱਕੋ ਥਾਂ ਤੇ ਰਹਿੰਦੇ ਹਨ। |
| ਸੇਜ ਏਕ ਪੈ ਮਿਲਨੁ ਦੁਹੇਰਾ॥੨॥ | They are on one couch but their union is difficult. | ਉਹ ਇੱਕੋ ਹੀ ਪਲੰਘ ਉੱਤੇ ਹਨ ਪ੍ਰੰਤੂ ਉਨ੍ਹਾਂ ਦਾ ਮਿਲਾਪ ਮੁਸ਼ਕਲ ਹੈ। |
| ਧੰਨਿ ਸੁਹਾਗਨਿ ਜੋ ਪੀਅ ਭਾਵੈ॥ | Blessed is the bride who is pleasing to her Spouse. | ਮੁਬਾਰਕ ਹੈ ਉਹ ਦੁਲਹਨ ਜੋ ਆਪਣੇ ਮਾਲਕ ਨੂੰ ਚੰਗੀ ਲਗਦੀ ਹੈ। |
| ਕਹਿ ਕਬੀਰ ਫਿਰਿ ਜਨਮਿ ਨ ਆਵੈ॥੩॥੮॥੩੦॥ | Says Kabir, she is not born, again. | ਕਬੀਰ ਜੀ ਆਖਦੇ ਹਨ, ਉਹ ਮੁੜ ਕੇ ਜਨਮ ਨਹੀਂ ਧਾਰਦੀ। |

| ਡਖਣੇ ਮਹਲਾ ੫॥ | **Dakhana 5th Guru.** | ਡਖਣਾ ਪੰਜਵੀਂ ਪਾਤਿਸ਼ਾਹੀ। |
|---|---|---|
| ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥ | If thou, O Lord, art my friend, then separate Thou me not even for an instant. | ਜੇਕਰ ਤੂੰ, ਹੇ ਪ੍ਰਭੂ! ਮੇਰਾ ਸੱਜਣ ਹੈਂ ਤਾਂ ਤੂੰ ਮੈਨੂੰ ਇਕ ਮੁਹਤ ਲਈ ਭੀ ਵੱਖਰਾ ਨਾ ਕਰ। |
| ਜੀਉ ਮਹਿਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥੧॥ | My soul Thou hast fascinated, when shall I behold Thee, O my Love? | ਮੇਰੀ ਜਿੰਦੜੀ ਨੂੰ ਤੂੰ ਫ਼ਰੇਫ਼ਤਾ ਕਰ ਲਿਆ ਹੈ, ਮੈਂ ਕਦੋਂ ਤੈਨੂੰ ਵੇਖਾਂਗਾ, ਹੇ ਮੇਰੇ ਪ੍ਰੀਤਮਾ? |

| ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ | **Tukhari Chhant 1st Guru Twelve months** | ਤੁਖਾਰੀ ਛੰਤ ਪਹਿਲੀ ਪਾਤਿਸ਼ਾਹੀ ਬਾਰਾਂ ਮਹੀਨੇ |
|---|---|---|
| ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ | In Sawan, be thou happy, O my soul. The season has come when the clouds rain. | ਸਾਵਣ ਅੰਦਰ ਤੂੰ ਖ਼ੁਸ਼ ਹੋ, ਹੇ ਮੇਰੀ ਜਿੰਦੇ! ਮੌਸਮ ਆ ਗਿਆ ਹੈ ਜਦ ਬੱਦਲ ਵਰ੍ਹਦੇ ਹਨ। |
| ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ | I love my Spouse with my soul and body, but my Darling has gone abroad. | ਆਪਣੀ ਆਤਮਾ ਤੇ ਦੇਹ ਨਾਲ ਮੈਂ ਆਪਣੇ ਕੰਤ ਨੂੰ ਪਿਆਰ ਕਰਦੀ ਹਾਂ ਪਰ ਮੇਰਾ ਦਿਲਬਰ ਪਰਾਏ ਵਤਨ ਨੂੰ ਚਲਿਆ ਗਿਆ ਹੈ। |
| ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ | My Beloved comes not home. I am dying with the sorrow of separation. The flash of lightning terrifies me. | ਮੇਰਾ ਪ੍ਰੀਤਮ ਮੇਰੇ ਗ੍ਰਹਿ ਵਿੱਚ ਨਹੀਂ ਆਉਂਦਾ। ਮੈਂ ਵਿਛੋੜੇ ਦੇ ਗ਼ਮ ਨਾਲ ਮਰ ਰਹੀ ਹਾਂ। ਬਿਜਲੀ ਦੀ ਲਿਸ਼ਕ ਮੈਨੂੰ ਭੈ-ਭੀਤ ਕਰਦੀ ਹੈ। |
| ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ | Lonely is my couch and I am greatly grieved. I am dying of pain O my mother. | ਸੁੰਞੀ ਹੈ ਮੇਰੀ ਛੇਜ ਅਤੇ ਮੈਂ ਬੜੀ ਦੁਖੀ ਹਾਂ। ਮੈਂ ਪੀੜ ਨਾਲ ਮਰ ਰਹੀ ਹਾਂ, ਹੇ ਮੇਰੀ ਮਾਤਾ! |
| ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਹਾਵਏ॥ | Say, without God, how can sleep and appetite come to me? The raiment affords my body no comfort. | ਦਸੋ, ਵਾਹਿਗੁਰੂ ਦੇ ਬਗੈਰ ਨੀਂਦ ਅਤੇ ਖੁਧਿਆ ਮੈਂ ਕਿਸ ਤਰ੍ਹਾਂ ਮਹਿਸੂਸ ਕਰ ਸਕਦੀ ਹਾਂ? ਕਪੜਾ ਮੇਰੇ ਸਰੀਰ ਨੂੰ ਚੰਗਾ ਨਹੀਂ ਲਗਦਾ। |
| ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥ | Nanak, she alone is the chaste bride, who merges in the being of her Beloved Spouse. | ਨਾਨਕ ਕੇਵਲ ਉਹ ਹੀ ਸਭਵੰਤੀ ਪਤਨੀ ਹੈ ਜੋ ਆਪਣੇ ਪਿਆਰੇ ਪਤੀ ਦੇ ਸਰੂਪ ਅੰਦਰ ਲੀਨ ਹੋ ਜਾਂਦੀ ਹੈ। |

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

ਪ੍ਰੋ. ਜਬਰਜੰਗ ਸਿੰਘ
ਮੋਦੀ ਕਾਲਜ, ਪਟਿਆਲਾ

## ਆਸਾ ਮਹਲਾ ੫ (ਪੜਤਾਲ) (੪੦੮)

ਬਾਪਾਰਿ ਗੋਵਿੰਦ ਨਾਏ॥ ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ,
ਪੰਚ ਨਾਦ ਤੂਰ ਬਜਾਏ॥੧॥ ਰਹਾਉ॥
ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ॥
ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ॥੧॥
ਗੁਰ ਗਿਆਨ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨ ਪਾਏ॥
ਸਭ ਤਜੀ ਮਨੈ ਕੀ ਕਾਮਕਰਾ॥ ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ॥
ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ॥
ਨਾਨਕ ਦੀਨ ਸਰਣਿ ਆਏ ਗਲਿ ਲਾਏ॥੨॥੧੫੩॥

**ਸਥਾਈ** ਰਾਗ ਆਸਾ (ਪੜਤਾਲ) – ਤਾਲ ਪੰਚਮ ਸਵਾਰੀ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|
| | | | | | | | | | | | | | | ਪਧ |
| | | | | | | | | | | | | | | ਬਾऽ |
| ਸਂ | – | ਸਂ | ਸਂ | – | ਸਂ | ਸਂ | ਨੀਸਂ | ਰੇਂ | ਸਂ | ਨੀ | ਧ | – | ਪ | – |
| ਪਾ | ऽ | ਰਿ | ਗੋ | ऽ | ਵਿੰ | ਦ | ਨਾऽ | ऽ | ऽ | ऽ | ਏ | ऽ | ऽ | ऽ |
| ਧ | ਧ | ਧ | ਧ | ਨੀ | ਧ | ਪ | ਧ | ਪ | ਪ | ਪਧ | ਮ | ਗ | ਰੇਗ | ਸ |
| ਸਾ | ऽ | ਧ | ਸੰ | ऽ | ਤ | ऽ | ਮਿ | ਲਾ | ऽ | ऽऽ | ਏ | ऽ | ऽऽ | ऽ |
| ਰੇਰੇ | ਰੇਮ | ਮਪ | ਪਪ | ਧਪ | ਪਧ | – | ਸਂ | ਸਸਂ | –ਸਂ | ਨੀਸਂ | ਰੇਸਂ | ਨੀ | ਧ | |
| ਪ੍ਰਿऽ | ਆਪਾ | ऽਏ | ਗੁऽ | ਨਗਾ | ऽਏ | ऽ | ਪੰ | ਚਨਾ | ऽਦ | ਤੂऽ | ਰਬ | ਜਾ | ਏ | |
| X | | | | 2 | | | 0 | | | | 3 | | | |

**ਅੰਤਰਾ** ਯੱਕਾ (ਇੱਕਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਪ | ਪ | ਧ | ਪ | ਧ | ਸਂ | – | – | ਸਂ | – | – |
| ਕਿ | ਰ | ऽ | ਪਾ | ऽ | ऽ | ਪਾ | ऽ | ऽ | ਏ | ऽ | ऽ |
| ਸਂ | ਸਂ | ਨੀਸਂ | ਰੇਸਂ | ਨੀ | ਧ | ਪ | ਧ | ਪ | ਮਗ | ਰੇਗ | ਸ |
| ਸ | ਹ | ਜਾऽ | ऽऽ | ਏ | ऽ | ਦ | ਰ | ऽ | ਸਾऽ | ऽऽ | ਏ |
| ਰੇ | ਰੇ | ਮ | ਮ | ਮ | ਮ | ਪ | – | ਧ | ਰੇਂ | ਸਂ | – |
| ਅ | ਬ | ਰ | ਤਿ | ਆ | ऽ | ਗੋ | ऽ | ਵਿੰ | ਦ | ਸਿਉ | ऽ |
| ਸਰੇਂ | ਗਂ | ਰੇਂ | ਸਂ | ਨੀ | ਸਂ | ਨੀਸਂ | ਰੇਂ | ਸਂ | ਨੀ | ਧ | ਧ |
| ਸੰऽ | ऽ | ਤ | ਸੇ | ऽ | ਵਿ | ਪ੍ਰੀऽ | ऽ | ਤਿ | ਨਾ | ऽ | ਥ |
| ਪ | ਧ | ਰੇਂ | ਸਂ | ਸਂ | ਸਂ | ਸਰੇਂ | ਗਰੇਂ | ਸਨੀ | ਧਨੀ | ਸਂਨੀ | ਧਪ |
| ਰੇ | ऽ | ਗ | ਲਾ | ਲ | ਨ | ਲਾऽ | ऽऽ | ऽऽ | ऽऽ | ਏऽ | ऽऽ |
| X | | 0 | | 2 | | 0 | | 3 | | 4 | |

### ਸੂਲਫਾਕ (ਸੂਲਫਾਕਤਾ)

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪ | ਧ | ਸਂ | ਸਂ | ਸਂ | ਸਂ | ਨੀਸਂ | ਰੇਂਸਂ | ਨੀਧ | ਪਧ |
| ਗੁ | ਰ | ਗਿਆ | ਨ | ਮ | ਨਿ | ਦ੍ਰਿS | ਝਾS | SS | ਏS |
| ਧ | ਰੇਂ | ਸਂ | ਗਂ | ਰੇਂ | ਸਂ | ਰੇਂ | ਸਂ | ਨੀ | ਧ |
| ਰ | ਹ | ਸਾ | ਏ | ਨ | ਹੀ | ਆ | S | ਏ | S |
| ਪ | ਧ | ਰੇਂ | - | ਸਂ | - | ਸਰੇਂ | ਗਂ | ਰੇਂ | ਨੀਸਂ |
| ਸ | ਹ | ਜਾ | S | ਏ | S | ਮS | S | ਨਿ | ਨਿS |
| ਰੇਂ | ਸਂ | ਪਧ | ਸਂਨੀ | ਧਪ | ਮਪ | ਧਪ | ਮਪ | ਪ | ਧ |
| ਧਾ | ਨ | ਪਾS | SS | SS | ਏS | SS | SS | ਬਾ | S |
| X | | 0 | | 2 | | 3 | | 0 | |

### ਚੰਚਲ (ਤਾਲ-ਦੀਪਚੰਦੀ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | | | | ਰੇਂ | - | ਸਂ | - |
| | | | | | | | | | | ਸ | S | ਭ | S |
| ਸਂ | - | - | ਸਂ | - | - | - | ਸਂ | - | ਸਂ | ਪ | ਧ | ਸਂ | ਸਂ |
| ਤ | S | S | ਜੀ | S | S | S | S | S | ਮ | ਨੈ | S | ਕੀ | S |
| ਰੇਂ | -ਰੇਂ | ਰੇਂ | ਸਂ | ਨੀ | ਧ | ਪ | ਧ | ਪ | - | ਪ | ਗਂ | ਰੇਂ | ਗਂ |
| ਕ | Sਮ | ਕ | ਰਾ | S | S | S | S | S | S | ਚਿ | ਰੁ | ਚਿ | ਰੁ |
| ਸਂ | ਰੇਂ | - | ਸਂ | - | ਸਂ | - | - | - | ਸਂਸਂ | ਸਂ | - | ਸਂ | ਨੀ |
| ਚਿ | ਰੁ | S | ਚਿ | S | ਰੁ | S | S | S | ਭਇ | ਆ | S | ਮ | ਨਿ |
| ਸਂ | -ਰੇਂ | ਰੇਂ | ਸਂ | ਨੀ | ਧ | ਪ | ਧ | ਪ | - | ਮਗ | ਰੇਗ | ਸਰੇ | ਸ- |
| ਪਿਆ | Sਸ | ਲਾ | ਗੀ | S | S | S | S | S | S | SS | SS | SS | SS |
| X | | | 2 | | | | 0 | | | 3 | | | |

### ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਰੇ | ਰੇ | ਮ | ਮ | ਪ | ਪ | ਧਨੀ | ਪਧ | ਸਂ | ਸਂ | ਸਂ | ਰੇਂ | ਸਂ | ਨੀ | ਧ | ਪ |
| ਹ | ਰਿ | ਦਰ | ਸ | ਨੋ | S | SS | ਦਿS | ਖਾ | ਵਹੁ | ਮੋ | ਹਿ | ਤ | ਮਥ | ਤਾ | ਵਹੁ |
| ਪਧ | ਸਰੇਂ | ਗਂ | ਰੇਂ | ਸਂ | ਨੀ | ਧ | ਪ | ਪਧ | ਸਂਨੀ | ਧਪ | ਮਪ | ਧਪ | ਮਗ | ਰੇਗ | ਸ- |
| ਨਾS | SS | ਨ | ਕ | ਦੀ | ਨ | ਸਰ | ਣਿ | ਆS | SS | ਏS | ਗਲਿ | ਲਾS | SS | SS | ਏS |
| ਰੇਰੇ | ਗੇਮ | ਮਮ | ਮਮ | ਪ | ਪ | ਧਨੀ | ਪਧ | ਸਂ | ਸਂ | ਰੇਰੇ | ਗੇਮ | ਮਮ | ਮਮ | ਪ | ਪ |
| ਨਾਨ | ਕਦੀ | ਨਸ | ਰਣਿ | ਆ | ਏ | SS | ਗਲਿ | ਲਾ | ਏ | ਨਾਨ | ਕਦੀ | ਨਸ | ਰਣਿ | ਆ | ਏ |
| ਧਨੀ | ਪਧ | ਸਂ | ਸਂ | ਰੇਰੇ | ਗੇਮ | ਮਮ | ਮਮ | ਪ | ਪ | ਧਨੀ | ਪਧ | ਸਂ | ਸਂ | - | ਪਧ |
| SS | ਗਲਿ | ਲਾ | ਏ | ਨਾਨ | ਨਦੀ | ਨਸ | ਰਣਿ | ਆ | ਏ | SS | ਗਲਿ | ਲਾ | ਏ | S | ਬਾS |
| X | | | | 2 | | | | 0 | | | | 3 | | | |

## ਜੈਜਾਵੰਤੀ ਮਹਲਾ ੯ (੧੩੫੨-੫੩)

ਬੀਤ ਜੈਹੈ ਬੀਤ ਜੈਹੈ, ਜਨਮੁ ਅਕਾਜ ਰੇ॥
ਨਿਸ ਦਿਨ ਸੁਨ ਕੈ ਪੁਰਾਨ॥ ਸਮਝਤ ਨਹ ਰੇ ਅਜਾਨ॥
ਕਾਲ ਤਉ ਪਹੂਚਿਓ ਆਨਿ, ਕਹਾ ਜੈ ਹੈ ਭਾਜਿ ਰੇ॥੧॥ ਰਹਾਓ॥
ਅਸਥਿਰੁ ਜੋ ਮਾਨਿਓ ਦੇਹ, ਸੋ ਤਉ ਤੇਰਉ ਹੋਇ ਹੈ ਖੇਹ॥
ਕਿਉ ਨ ਹਰਿ ਕੋ ਨਾਮੁ ਲੇਹ ਮੂਰਖ ਨਿਲਾਜ ਰੇ॥੧॥
ਰਾਮ ਭਗਤਿ ਹੀਏ ਆਨਿ, ਛਾਡਿ ਦੇ ਤੈ ਮਨ ਕੋ ਮਾਨ॥
ਨਾਨਕ ਜਨ ਇਹ ਬਖਾਨ, ਜਗ ਮੈ ਬਿਰਾਜੁ ਰੇ॥੨॥

**ਰਾਗ ਜੈਜਾਵੰਤੀ** (ਤਿੰਨਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | ਨ਼ੀ | ਸ | ਧ਼ | - | ਨ਼ੀ |
| | | | | | | | | | | | ਬੀ | ਤ | ਜੈ | ऽ | ਹੈਂ |
| ਰੇ | - | - | - | - | ਗ | ਮ | ਪ | ਮਗ | ਰੇਗੁ | ਰੇਸ | ਨ਼ੀ | ਸ | ਧ਼ | - | ਨ਼ੀ |
| ਬੀ | ऽ | ऽ | ऽ | ऽ | ਤ | ਜੈ | ऽ | ਹੈऽ | ऽऽ | ऽऽ | ਬੀ | ਤ | ਜੈ | ऽ | ਹੈ |
| ਰੇ | - | - | - | - | ਰੇ | ਸ | ਨ਼ੀ | ਸ | - | - | ਗ | ਮ | ਨੁੀ | ਧ | ਨੀ |
| ਬੀ | ऽ | ऽ | ऽ | ऽ | ਤ | ਜੈ | ऽ | ਹੈऽ | ऽ | ऽ | ਜ | ਨ | ਮੁ | ऽ | ਅ |
| (ਸਂ) | - | - | ਸਂ | ਨੁੀ | ਧ | ਪ | ਮ | ਗਮ | ਰੇਗੁ | ਰੇਸ | | | | | |
| ਕਾ | ऽ | ऽ | ਜ | ਰੇ | ऽ | ऽ | ऽ | ऽऽ | ऽऽ | ऽऽ | | | | | |
| ***ਅੰਤਰਾ*** | | | | | | | | | | | ਗ | ਮ | ਨੁੀ | ਧ | ਨੀ |
| | | | | | | | | | | | ਨਿ | ਸ | ਦਿ | ऽ | ਨ |
| ਸਂ | ਸਂ | ਸਂ | - | ਰੇਂ | ਨੀ | - | ਸਂ | - | - | - | ਗਂ | ਗਂ | ਗਂ | - | ਮਂ |
| ਸੁ | ਨ | ਕੈ | ऽ | ਪੁ | ਰਾ | ऽ | ਨ | ऽ | ऽ | ऽ | ਸਮ | ਝ | ਤ | ऽ | ਨਹ |
| ਰੇਂ | - | ਗੁਂ | ਰੇਂ | ਸਂ | ਨੀ | ਸਂ | - | - | - | - | ਸਂ | ਸਂ | ਸਂ | - | ਰੇਂ |
| ਰੇ | ऽ | ऽ | ਅ | ਜਾ | ऽ | ਨ | ऽ | ऽ | ऽ | ऽ | ਕਾ | ਲ | ਤਉ | ऽ | ਪ |
| ਨੁੀ | - | ਨੁੀ | ਧ | ਧ | - | ਪ | - | - | - | - | ਰੇ | ਗ | ਮ | ਨੁੀ | ਧ |
| ਹੂ | ऽ | ਚਿ | ਓ | ਆ | ऽ | ਨਿ | ऽ | ऽ | ऽ | ऽ | ਕ | ਹਾ | ਜੈ | ऽ | ਹੈ |
| ਧ | ਮ | ਗ | ਮ | ਰੇ | ਗੁ | ਰੇ | ਸ | ਨ਼ੀ | ਸ | - | | | | | |
| ਭਾ | ऽ | ऽ | ਜਿ | ਰੇ | ऽ | ऽ | ऽ | ऽ | ऽ | ऽ | | | | | |
| X | | | | 2 | | | | 0 | | | | 3 | | | |

## ਮਲਾਰ (ਭਗਤ ਨਾਮਦੇਵ ਜੀਉ) (੧੨੯੨-੯੩)

ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ॥
ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥
ਆਲਾਵੰਤੀ ਇਹੁ ਭ੍ਰਮ ਜੋ ਹੈ, ਮੁਝ ਊਪਰਿ ਸਭ ਕੋਪਿਲਾ॥
ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠੁਲਾ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ, ਤੇਰੀ ਪੈਜ ਪਿਛੰਉਡੀ ਹੋਇਲਾ॥੨॥
ਤੂ ਜੁ ਦਇਆਲੁ ਕ੍ਰਿਪਾਲ ਕਹੀਅਤ ਹੈ, ਅਤਿ ਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ, ਪੰਡੀਅਨ ਕਉ ਪਿਛਵਾਰਲਾ॥੩॥੨॥

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| **ਸਥਾਈ** | | | | | | | | | | ਮ | ਪ |
| | | | | | | | | | | ਮੋ | ਕਉ |
| ਸਂ | ਨੀ | ਸਂ | ਨ਼ੀ | - | ਪ | ਨ਼ੀ | ਧ | ਨੀ | ਪ | ਮ | ਪ |
| ਤੂੰ | ਨ | ਬਿ | ਸਾ | ऽ | ਰਿ | ਤੂ | ਨ | ਬਿ | ਸਾ | ऽ | ਰਿ |
| ਪ | ਮ | ਪ | ਗੁ | ਮ | ਰੇ | ਸ | - | - | ਨ਼ੀ | ਮ | ਪ |
| ਤੂ | ਨ | ਬਿ | ਸਾ | ऽ | ऽ | ਰੇ | ऽ | ऽ | ਰਾ | ऽ | ਮਈ |
| ਸਂ | - | - | - | - | ਧਨੀ | ਸਰੇਂ | ਨੀਸਂ | ਨ਼ੀ | - | ਪ | - |
| ਆ | ऽ | ऽ | ऽ | ऽ | ਰਾऽ | ऽऽ | ਮਈ | ਆ | ऽ | ऽ | ऽ |
| - | ਨ਼ੀ | ਮ | ਪ | ਰੇਂ | - | - | - | ਸਂ | - | | |
| ऽ | ਰਾ | ऽ | ਮਈ | ਆ | ऽ | ऽ | ऽ | ऽ | ऽ | | |
| **ਅੰਤਰਾ** | | | | | | | | | | | |
| ਮ | ਪ | ਪ | ਨ਼ੀ | ਧ | ਨੀ | ਸਂ | ਸਂ | ਨੀ | ਰੇਂ | ਨੀ | ਸਂ |
| ਆ | ऽ | ਲਾ | ਵੈਂ | ऽ | ਤੀ | ਇਹ | ਭ੍ਰ | ਮ | ਜੋ | ऽ | ਹੈ |
| ਰੇਂ | ਰੇਂ | ਪਂ | ਗੁਂ | ਮਂ | ਰੇਂ | ਨੀਸਂ | ਰੇਂ | ਸਂ | ਨ਼ੀ | ਪ | ਪ |
| ਮੁਝ | ਊ | ऽ | ਪ | ਰ | ਸਭ | ਕੋऽ | ऽ | ਪਿ | ਲਾ | ऽ | ऽ |
| ਮ | ਪ | ਮਪ | ਧਨੀਸਂ | ਨ਼ੀ | ਪ | (ਮ)ਗੁ | (ਮ)ਗੁ | ਮ | ਰੇ | ਸ | ਸ |
| ਸੂ | ਦੂ | ਸੂऽ | ਦऽऽ | ਕ | ਰਿ | ਮਾ | ਰਿ | ਉ | ਠਾ | ऽ | ਇਉ |
| ਮ | ਰੇ | ਪ | ਮ | ਨ਼ੀ | ਧ | ਨੀ | ਸਂ | ਰੇਂ | ਨ਼ੀ | | |
| ਕ | ਹਾ | ਕ | ਰਉ | ਬਾ | ਪ | ਬੀ | ऽ | ਠ | ਲਾ | | |
| X | | 0 | | 2 | | 0 | | 3 | | 4 | |

## ਆਸਾ ਮਹਲਾ ੫ ਛੰਤ (੪੫੯)

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥
ਰਾਮ ਪਿਆਰੇ ਸਦਾ ਜਾਗਹਿ, ਨਾਮੁ ਸਿਮਰਹਿ ਅਨਦਿਨੋ॥
ਚਰਣ ਕਮਲ ਧਿਆਨੁ ਹਿਰਦੈ, ਪ੍ਰਭ ਬਿਸਰੁ ਨਾਹੀ ਇਕੁ ਖਿਨੋ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ, ਕਲਮਲਾ ਦੁਖ ਜਾਰੇ॥
ਬਿਨਵੰਤਿ ਨਾਨਕ ਸਦਾ ਜਾਗਹਿ, ਹਰਿ ਦਾਸ ਸੰਤ ਪਿਆਰੇ॥੧॥

### ਰਾਗ-ਸੋਰਠਿ - ਤਾਲ ਪੰਜਾਬੀ (ਛੋਟਾ-ਤਿੰਨਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | ਨੀ | - | (ਸਂ) | - | - | ਪ | ਧ | ਮ | - | ਮ |
| | | | | | | ਭਿੰ | ऽ | ਨੀ | ऽ | ऽ | ਰੈ | ऽ | ਨ | ऽ | ੜੀ |
| (ਗ)ਮ | - | - | ਰੇ | - | - | ਮ | ਮ | ਪਧ | ਮਪ | - | ਮ | ਗ | ਸ | - | ਰੇ |
| ਐ | ऽ | ऽ | ऽ | ऽ | ऽ | ਚ | ਮ | ਕऽ | ਨਿऽ | ऽ | ਤਾ | ऽ | ऽ | ऽ | ऽ |
| ਨ਼ੀ | - | ਸ | - | - | - | ਮ | - | (ਗ)ਮ | ਰੇ | ਰੇ | ਮ | ਮ | ਪ | - | ਮ |
| ਰੇ | ऽ | ऽ | ऽ | ऽ | ऽ | ਜਾ | ऽ | ਗਹਿ | ऽ | ऽ | ਸੰ | ऽ | ਤ | ऽ | ਜ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | - | - | - | - | - | ਪ | - | ਧਪ | ਮਪ | ਨੀ | ਨੀ | ਸਂ | ਨੀਸਂ | ਰੇਂ | ਸਂ |
| ਨਾ | ऽ | ऽ | ऽ | ऽ | ऽ | ਮੇ | ऽ | ਰੇऽ | ऽऽ | ऽ | ਰਾ | ऽ | ਮऽ | ऽ | ਪਿ |
| ਨ਼ੀ | ਧ | ਨ਼ੀ | ਧਪ | - | - | | | | | | | | | | |
| ਆ | ऽ | ਰੇ | ऽऽ | ऽ | ऽ | | | | | | | | | | |
| **ਅੰਤਰਾ** | | | | | | ਮ | - | $^{ਗ}$ਮ | ਰੇ | ਮ | ਪ | - | ਪਨੀ | ਸਂ | ਨੀ |
| | | | | | | ਗਾ | ऽ | ਮ | ऽ | ਪਿ | ਆ | ऽ | ਰੇऽ | ऽ | ਸ |
| ਸਂ | - | ਸਂ | - | ਸਂ | - | ਨੀ | ਸਂ | ਨੀਸਂ | ਰੇਂਮਂ | - | ਮਂ | ਰੇਂ | ਸਂ | - | ਰੇਂ |
| ਦਾ | ऽ | ਜਾ | ऽ | ਗਹਿ | ऽ | ਨਾ | ऽ | ਮऽ | ऽऽ | ऽ | ਸਿ | ਮ | ਰਹਿ | ऽ | ऽ |
| ਨੀ | ਨੀਨੀ | ਸਂ | - | - | - | ਮ | ਮ | $^{ਗ}$ਮ | ਰੇ | ਮ | ਪ | ਪ | ਪਨੀ | ਸਂ | ਨੀ |
| ਅ | ਨਦਿ | ਨੋ | ऽ | ऽ | ऽ | ਚ | ਰ | ਣ | ऽ | ਕ | ਮ | ਲ | ਧਿਆ | ऽ | ਨੁ |
| ਸਂ | ਸਂ | ਸਂ | - | - | - | ਨੀ | ਸਂ | ਨੀਸਂ | ਰੇਂਮਂ | ਮਂ | ਮਂ | ਰੇਂ | ਸਂ | - | ਰੇਂ |
| ਹਿ | ਰ | ਦੈ | ऽ | ऽ | ऽ | ਪ੍ਰ | ऽ | ਭऽ | ऽऽ | ਬਿ | ਸ | ਰੁ | ਨਾ | ऽ | ਹੀ |
| ਨੀ | ਨੀਨੀ | ਸਂ | - | - | - | ਨੀ | - | (ਸਂ) | - | ਪ | ਪ | ਧ | ਮ | - | ਮ |
| ਇ | ਕੁਖਿ | ਨੋ | ऽ | ऽ | ऽ | ਪ੍ਰ | ऽ | ਭ | ऽ | ਬਿ | ਸ | ਰੁ | ਨਾ | ऽ | ਹੀ |
| ਮ | ਮਮ | $^{ਗ}$ਮ | ਰੇ | - | - | ਮ | ਮ | ਪਧ | ਮਪ | - | ਮ | ਗ | ਸ | - | ਰੇ |
| ਇ | ਕੁਖਿ | ਨੋ | ऽ | ऽ | ऽ | ਚ | ਮ | ਕऽ | ਨਿऽ | ऽ | ਤਾ | ऽ | ऽ | ऽ | ऽ |
| ਨ਼ੀ | - | ਸ | - | - | - | | | | | | | | | | |
| ਰੇ | ऽ | ऽ | ऽ | ऽ | ऽ | | | | | | | | | | |
| X | | | | 2 | | | | 0 | | | | 3 | | | |

## ਆਸਾ ਤਿਪਦਾ ਇਕਤੁਕਾ (ਕਬੀਰ ਜੀਉ) (੪੮੩)

ਕੀਓ ਸਿੰਗਾਰੁ ਮਿਲਨ ਕੇ ਤਾਈ॥
ਹਰਿ ਨ ਮਿਲੇ ਜਗਜੀਵਨ ਗੁਸਾਈ॥੧॥
ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥
ਰਾਮ ਬਡੇ ਮੈ ਤਨਕ ਲਹੁਰੀਆ॥੧॥ ਰਹਾਉ॥
ਧਨ ਪਿਰ ਏਕੈ ਸੰਗਿ ਬਸੇਰਾ॥
ਸੇਜ ਏਕ ਪੈ ਮਿਲਨੁ ਦੁਹੇਰਾ॥੨॥
ਧੰਨਿ ਸੁਹਾਗਨਿ ਜੋ ਪੀਅ ਭਾਵੈ॥
ਕਹਿ ਕਬੀਰ ਫਿਰਿ ਜਨਮਿ ਨ ਆਵੈ॥੩॥੮॥੩੦॥

ਰਾਗ-ਆਸਾ (ਚੰਚਲ ਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | ਰੇ | - | ਮ | ਮ |
| | | | | | | | | | | ਕੀ | ऽ | ਓ | ਸਿੰ |
| ਪ | - | - | ਪ | - | - | - | - | - | - | ਗ | ਗ | ਪ | ਧ |
| ਗਾ | ऽ | ऽ | ਰ | ऽ | ऽ | ऽ | ऽ | ऽ | ऽ | ਮਿ | ਲ | ਨ | ਕੇ |
| ਨੀ | - | - | ਸਂ | ਨੀ | ਧ | ਪ | ਧ | ਪ | - | ਧ | ਧ | ਪ | ਧ |
| ਤਾ | ऽ | ऽ | ਈ | ऽ | ऽ | ऽ | ऽ | ऽ | ऽ | ਹ | ਰਿ | ਨ | ਮਿ |
| ਪ | - | ਧ | ਪ | - | ਮ | - | - | - | - | ਗ | ਗ | ਗ | ਗ |
| ਲੇ | ऽ | ऽ | ਜ | ऽ | ਗ | ऽ | ऽ | ऽ | ऽ | ਜੀ | ਵ | ਨ | ਗੁ |

| | | | | | | | | | | | | | |
|---|---|---|---|---|---|---|---|---|---|---|---|---|---|
| ਗ | – | – | ਮ | ਗ | ਰੇ | ਸ | ਰੇ | ਸ | – | | | | |
| ਸਾ | ऽ | ऽ | ਈ | ऽ | ऽ | ऽ | ऽ | ऽ | ऽ | | | | |
| ਅੰਤਰਾ | | | | | | | | | | ਰੇਂ | ਸਂ | ਸਂ | ਸਂ |
| | | | | | | | | | | ਹ | ਰਿ | ਮੇ | ਰੋ |
| ਸਂ | ਸਂ | – | ਸਂ | – | ਸਂ | – | ਸਂ | – | – | ਪ | ਧ | ਸਂ | ਸਂ |
| ਪਿ | ਰ | ऽ | ਹਉ | ऽ | ऽ | ऽ | ऽ | ऽ | ऽ | ਹ | ਰਿ | ਕੀ | ਬ |
| ਰੇਂ | ਰੇਂ | – | ਸਂ | ਨੀ | ਧ | ਪ | ਧ | ਪ | – | ਧ | ਧ | ਪ | ਧ |
| ਹੁ | ਰੀ | ऽ | ਆ | ऽ | ऽ | ऽ | ऽ | ऽ | ऽ | ਰਾ | ऽ | ਮ | ਬ |
| ਪ | – | ਧ | ਪ | ਪ | ਮ | – | – | – | – | ਗ | ਗ | ਗ | ਗ |
| ਡੇ | ऽ | ऽ | ਮੈ | ऽ | ऽ | ऽ | ऽ | ऽ | ऽ | ਤ | ਨ | ਕ | ਲ |
| ਗ | ਗ | – | ਮ | ਗ | ਰੇ | ਸ | ਰੇ | ਸ | – | | | | |
| ਹੁ | ਰੀ | ऽ | ਆ | ऽ | ऽ | ऽ | ऽ | ऽ | ऽ | | | | |
| X | | | 2 | | | | 0 | | | 3 | | | |

## ਡਖਣੇ ਮਹਲਾ ੫ (੧੦੯੪)

ਜੇ ਤੂੰ ਮਿਤ੍ਰ ਅਸਾਡੜਾ, ਹਿਕ ਭੋਰੀ ਨਾ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ, ਕਦਿ ਪਸੀ ਜਾਨੀ ਤੋਹਿ॥੧॥

**ਰਾਗ-ਦੇਵ ਗੰਧਾਰ (ਤਿੰਨਤਾਲ)**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | ਪ | ਧੁ | ਮ | ਪਧੁ | ਨੀਸਂ | ਨੀ |
| | | | | | | | | | | ਹਿਕ | ਭੋ | ਗੀ | ਨਾऽ | ऽऽ | ਵੇ |
| ਸਂ | – | – | – | ਸਂ | ਨੀ | ਰੇਂ | ਸਂ | ਧੁ | – | ਪ | ਪ | ਮ | ਪ | ਧੁ | ਪ |
| ਛੋ | ऽ | ऽ | ऽ | ऽ | ੜਿ | ਨਾ | ਵੇ | ਛੋ | ऽ | ੜਿ | ਜੇ | ਤੂ | ਮਿ | ਤ੍ਰ | ਅ |
| ᴹਗੁ | – | – | ਗੁ | ਰੇ | – | – | – | ਸ | – | ਸ | ਰੇ | ਨੀ | ਸ | – | ਰੇ |
| ਸਾ | ऽ | ऽ | ਡ | ੜਾ | ऽ | ऽ | ऽ | ऽ | ऽ | ਹਿਕ | ਭੋ | ਗੀ | ਨਾ | ऽ | ਵੇ |
| (ਗ) | – | ਮ | – | | – | ਪਧੁ | ਨੀਸਂ | ਸਰੇਂ | ਨੀਸਂ | | | | | | |
| ਛੋ | ऽ | ऽ | ऽ | | ऽ | ऽऽ | ऽऽ | ऽऽ | ऽੜ | | | | | | |
| ਅੰਤਰਾ | | | | | | | | | | | ਮ | ਪ | ਧੁ | – | ਨੀ |
| | | | | | | | | | | | ਜੀ | ਉ | ऽ | ऽ | ਮ |
| ਸਂ | – | ਸਂ | – | | ਸਂ | ਰੇਂ | ਸਰੇਂ | ᴹਗੁਂ | – | – | ਰੇਂ | ਸਂ | ਨੀ | ਧੁ | ਨੀ |
| ਹਿੰ | ऽ | ਜਾ | ऽ | | ऽ | ਮੋ | ਹਿऽ | ਆ | ऽ | ऽ | ਜੀ | ਉ | ऽ | ऽ | ਮ |
| ਸਂ | – | ਸਂ | – | | ਨੀ | ਨੀਸਂ | ਰੇਂਸਂ | ਧੁ | ਪ | ਧੁ | ਮ | ਪ | ਪਧੁ | ਮ | ਪ |
| ਹਿੰ | ऽ | ਜਾ | ऽ | | ਉ | ਮੋऽ | ਹਿऽ | ਆ | ऽ | ਕਦਿ | ਪ | ਸੀ | ਜਾऽ | ऽ | ਨੀ |
| ਗੁ | – | – | – | | – | – | – | ਸ | – | ਸ | ਰੇ | ਨੀ | ਸ | – | ਰੇ |
| ਤੋ | ऽ | ऽ | ऽ | | ऽ | ऽ | ऽ | ਰਿ | ऽ | ਕਦਿ | ਪ | ਸੀ | ਜਾ | ऽ | ਨੀ |
| (ਗ) | – | ਮ | – | ਪ | – | ਪਧੁ | ਨੀਸਂ | ਸਰੇਂ | ਨੀਸਂ | | | | | | |
| ਤੋ | ऽ | ऽ | ऽ | ऽ | ऽ | ऽऽ | ऽऽ | ਹਿऽ | ऽऽ | | | | | | |
| X | | | | 2 | | | | 0 | | | | 3 | | | |

# ਤੁਖਾਰੀ ਛੰਤ ਮਹਲਾ ੧ ਬਾਰਹਮਾਹਾ (੧੧੦੮)

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ, ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜ ਤਨਿ ਨ ਸੁਖਾਵਏ॥
ਨਾਨਕ ਸਾ ਸੁਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥

**ਰਾਗ-ਮਲਾਰ (ਚਾਰਤਾਲ - ਸਾਥ)**

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ***ਸਥਾਈ*** | | | | | | | | | | | |
| ਸੰ | ਨ਼ੀ | ਪ | ਪ | ਮਪ | ਨ਼ੀਪ | ਗੁ | – | ਮ | ਰੇ | ਸ | – |
| ਸਾ | ਵ | ਣਿ | ਸਰ | ਸS | Sਮ | ਨਾ | S | S | S | S | S |
| ਸ | – | ਮ | – | ਰੇ | ਰੇ | ਪ | – | ਮ | – | ਪ | – |
| ਘ | S | ਣ | S | ਵ | ਰ | ਸਹਿ | S | ਰੁ | S | ਤਿ | S |
| ਗੁ | – | ਗੁ | – | ਮ | – | ਰੇ | – | ਸ | – | ਸ | – |
| ਆ | S | S | S | S | S | ਏ | S | S | S | S | S |
| ਰੇਂ | – | ਰੇਂ | ਰੇਂ | ਰੇਂ | ਰੇਂ | ਸ | ਨੀ | ਸੰ | – | – | – |
| ਮੈ | S | ਮ | ਨਿ | ਤ | ਨਿ | ਸ | S | ਹੁ | S | S | S |
| ਨ਼ੀ | – | ਧ | – | ਨ਼ੀ | ਪ | ਪ | – | – | – | – | – |
| ਭਾ | S | S | S | S | S | ਵੈ | S | S | S | S | S |
| ਮਪ | ਨ਼ੀ | ਧ | ਨੀ | ਸੰ | ਸੰ | ਗੁ | ਗੁ | ਮ | ਰੇ | ਸ | – |
| ਪਿS | ਰ | ਪਰ | ਦੇ | ਸਿ | ਸਿ | ਧਾ | S | S | ਏ | S | S |
| ***ਅੰਤਰਾ*** | | | | | | | | | | | |
| ਮ | ਪ | ਪ | ਨੀਧ | ਨੀ | ਨੀ | ਸੰ | ਸੰ | ਨੀ | ਸੰ | – | ਸੰ |
| ਪਿਰ | ਘਰ | ਨਹੀ | ਆS | ਵੈ | S | ਮ | ਰੀ | ਐ | ਹਾ | S | ਵੈ |
| ਰੇਂ | ਰੇਂ | ਪੰ | ਗੁਮੰ | ਰੇਂ | ਸੰ | ਨ਼ੀ | ਧ | ਨੀ | ਸੰ | ਨੀ | ਸੰ |
| ਦਾ | ਮ | ਨਿ | ਚਮ | ਕਿ | ਡ | ਰਾ | S | S | ਏ | S | S |
| ਸੰ | ਨ਼ੀ | ਪ | ਪ | ਮਪ | ਨ਼ੀਪ | ਗੁ | ਗੁ | ਮ | ਰੇ | ਨ਼ੀ | ਸ |
| ਸੇ | ਜ | ਇ | ਕੇ | ਲੀS | SS | ਖ | ਰੀ | ਦੁ | ਹੇ | S | ਲੀ |
| ਸ | ਮ | ਰੇ | ਪ | ਮ | ਪ | ਨ਼ੀਪ | ਮਪ | ਗੁਮ | ਰੇ | ਨ਼ੀ | ਸ |
| ਮਰ | ਣੁ | ਭਇ | ਆ | ਦੁ | ਖੁ | ਮਾS | SS | SS | ਏ | S | S |
| X | | 0 | | 2 | | 0 | | 3 | | 4 | |


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਅਤੇ
ਸੀ.ਡੀ. ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ
ਫੋਨ-772660

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058